AKKHAND KIRTANI JATHA (REGD.) · ਅਖੰਡ ਕੀਰਤਨੀ ਜਥਾ

# ਆਤਮ ਰੰਗ


ਜਿਲਦ ੨੫ ਦਸੰਬਰ 2024 ਮੱਘਰ-ਪੋਹ 556 ਨਾਨਕਸ਼ਾਹੀ December 2024 ਅੰਕ 12

## ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥



ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ

ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦੀਆਂ ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਧਰਮ ਹਿਤ ਦਿੱਤੀ ਅਦੁੱਤੀ ਸ਼ਹਾਦਤ ਦੀ ਅਮਰ ਯਾਦਗਾਰ ਹੈ। ਇਹ ਲਾਸਾਨੀ ਸਾਕਾ 13 ਪੋਹ 1761 ਬਿਕ੍ਰਮੀ, ਦਸੰਬਰ 1704 ਈ. ਵਿੱਚ ਵਾਪਰਿਆ। ਇਹ ਸ਼ਹੀਦੀ ਸਮਾਗਮ ਸਾਰਾ ਸੰਸਾਰ ਮਿਤੀ 23 ਦਸੰਬਰ 2024 ਤੋਂ ਲੈ ਕੇ 28 ਦਸੰਬਰ 2024 ਤਕ ਸ਼ਹੀਦਾਂ ਦੀ ਧਰਤੀ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮਨਾ ਰਿਹਾ ਹੈ।



ਗੁਰਦੁਆਰਾ ਠੰਡਾ ਬੁਰਜ (ਮਾਤਾ ਗੁਜਰੀ ਜੀ) - ਇਸ ਬੁਰਜ ਵਿਚ ਮਾਤਾ ਗੁਜਰੀ ਜੀ ਅਤੇ ਛੋਟੇ ਦੋਨੋਂ ਸਾਹਿਬਜ਼ਾਦਿਆਂ ਨੂੰ ਕੈਦ ਰੱਖਿਆ ਗਿਆ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਦਿਆਂ ਹੀ ਮਾਤਾ ਗੁਜਰੀ ਜੀ ਗੁਰਪੁਰੀ ਸਿਧਾਰ ਗਏ।



ਗੁਰਦੁਆਰਾ ਜੋਤੀ ਸਰੂਪ - ਇਸ ਅਸਥਾਨ ਤੇ ਮਾਤਾ ਗੁਜਰੀ ਜੀ ਅਤੇ ਦੋਨੋਂ ਸਾਹਿਬਜ਼ਾਦਿਆਂ ਦਾ ਸੰਸਕਾਰ ਕੀਤਾ ਗਿਆ।

## ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥



















ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ ਮਿਤੀ 24.10.2024 ਤੋਂ ਲੈ ਕੇ 27.10.2024 ਤੱਕ ਅਖੰਡ ਕੀਰਤਨੀ ਜੱਥਾ ਦਿਆਲਪੁਰ ਵੱਲੋਂ ਗੁਰਦੁਆਰਾ ਸਾਹਿਬ ਪਿੰਡ ਦਿਆਲਪੁਰ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

੧ੴ ਠਾਕੁਰ ਗਾਈਐ ਆਤਮ ਰੰਗਿ ੧ੴ

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੫ | ਦਸੰਬਰ 2024 | ਮੱਘਰ-ਪੋਹ 556 ਨਾਨਕਸ਼ਾਹੀ | December 2024 | ਅੰਕ 12

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**
ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ

**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ

## ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– (ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਹਰਿ ਕੀਰਤਨ 9
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਸਰਬ ਰੋਗ ਕਾ ਅਉਖਦੁ ਨਾਮੁ 10
  *– ਭਾਈ ਧਰਮ ਸਿੰਘ ਸੁੱਜੋਂ*
- ਗੁਰੂ ਤੇਗ ਬਹਾਦਰ ਜੀ ਦੀ ਲਾਮਿਸਾਲ ਸ਼ਹੀਦੀ 14
  *– ਭਾਈ ਮਹਿੰਦਰ ਸਿੰਘ ਜੀ*
- ਅਮਰ ਸ਼ਹਾਦਤ 17
  *– ਪ੍ਰਿੰਸੀਪਲ ਸੱਜਣ ਸਿੰਘ ਜੀ*
- ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਦਰਸ਼ਨ 20
  *– ਭਾਈ ਕੁਲਦੀਪ ਸਿੰਘ ਹਉਰਾ*
- ਅੰਮ੍ਰਿਤਧਾਰੀ ਸਿੰਘਾਂ ਦਾ ਸਜਾਇਆ ਗੁਰੂ ਕਾ ਲੰਗਰ 24
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ 26
  *– ਭਾਈ ਨਰੈਣ ਸਿੰਘ ਜੀ*
- ਸਰਹੰਦ ਦੀ ਦੀਵਾਰ 30
  *– ਭਾਈ ਉਜਾਗਰ ਸਿੰਘ ਉਲਫ਼ਤ*
- ਗੁਰ-ਮਾਰੀ ਸਰਹਿੰਦ 31
  *– ਭਾਈ ਸੇਵਾ ਸਿੰਘ ਸੇਵਕ*
- ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਕਰਜ਼ ਬੰਦਾ ਬਹਾਦਰ ਨੇ ਮੋੜਿਆ 33
- ਸਿੱਖ ਕੌਮ ਦਾ ਸ਼ਾਹਕਾਰ ਸਾਕਾ ਸਰਹਿੰਦ 36
  *– ਡਾ. ਸੁਮਨਪ੍ਰੀਤ ਕੌਰ ਜੀ*

## *ਸੰਪਾਦਕੀ...*

ਸਿੱਖ ਪੰਥ ਨੂੰ ਸ਼ਹੀਦਾਂ ਦੇ ਖ਼ੂਨ ਦੀ ਗੁੜਤੀ ਨੇ ਤਰੋ ਤਾਜਗੀ ਬਖਸੀ ਜਿਸਦੇ ਚਲਦਿਆਂ ਸ਼ਹਾਦਤਾਂ ਦਾ ਐਸਾ ਸਿਲਸਲਾ ਚਲਿਆ ਮਾਨੋ ਮੌਤ ਨੂੰ ਵਿਆਹਉਣ ਦਾ ਚਾਅ ਕੌਮ ਦੇ ਯੋਧਿਆਂ ਦੇ ਸਿਰ ਚੜ-ਚੜ ਬੋਲਦਾ ਹੋਵੇ। ਇਹ ਵੀ ਇਕ ਅਚੰਭਾ ਹੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੇ ਅਗੰਮੀ ਗਿਆਨ ਦੀ ਲੋਅ ਤੋਂ ਪੈਦਾ ਹੋਈ ਇਹ ਕਿਰਨ ਅੱਗ ਦੇ ਭਾਂਬੜਾਂ ਵਾਂਗ ਸਮਾਜ ਦੀਆਂ ਬੁਰਾਈਆਂ ਨੂੰ ਤਬਾਹ ਕਰਦੀ ਚਲੀ ਗਈ। ਜਦੋਂ ਵੀ ਜਾਲਮ ਹਾਕਮ ਨੇ ਦੁਨੀਆਵੀ ਜੁਲਮਾਂ ਦੀ ਇੰਤਤਿਆ ਕੀਤੀ ਤਾਂ ਗੁਰੂ ਬਖਸ਼ਿਸ਼ ਲੈ ਕੇ ਸਿੱਖੀ ਦੇ ਪਰਿਵਾਰ ਦਾ ਕੋਈ ਨਾ ਕੋਈ ਜੀਅ ਹਿੱਕ ਤਾਣ ਕੇ ਸਮੇਂ ਦੀਆਂ ਸਰਕਾਰਾਂ ਨਾਲ ਭਿੜਦਾ ਚਲਾ ਗਿਆ। ਸਿੱਖ ਪੰਥ ਦੀਆਂ ਰਵਾਇਤਾਂ ਨੂੰ ਗੁਰੂ ਆਸ਼ੇ ਵਿੱਚ ਨਿਭਾਉਂਦਿਆਂ ਗੁਰੂ ਸਾਹਿਬਾਨ ਨੇ ਖੁਦ ਵੀ ਤੇ ਫਿਰ ਅਗਿਉਂ ਉਹਨਾਂ ਦੇ ਪਰਿਵਾਰਾਂ ਨੇ ਕਦੇ ਵੀ ਇਸ ਰੀਤ ਨੂੰ ਨਾ ਟੁੱਟਣ ਦਿੱਤਾ ਸਗੋਂ ਖਿੜੇ ਮੱਥੇ –

***ਤੇਰਾ ਕੀਆ ਮੀਠਾ ਲਾਗੈ॥***

ਦੇ ਮਹਾ ਵਚਨਾਂ ਨੂੰ ਸਮਰਪਿਤ ਹੋ ਕੇ ਸੇਵਾਵਾਂ ਦਿੱਤੀਆਂ। ਗੁਰੂ ਗੋਬਿੰਦ ਸਿੰਘ ਜੀਆਂ ਦੇ ਖਾਲਸੇ ਨੇ ਸੰਸਾਰ ਪੱਧਰ ਤੇ ਐਸੇ ਅਨੋਖੇ ਜੌਹਰ ਦਿਖਾਏ ਕਿ ਵੈਰੀ ਅਸ਼-ਅਸ਼ ਕਰ ਉੱਠਿਆ ਤੇ ਵੈਰੀ ਦੇ ਜੁਲਮ ਦਾ ਸ਼ਿਖਰ ਹੋ ਨਿਬੜਿਆ, ਜਦੋਂ ਉਸ ਨੇ ਹਰ ਹੀਲੇ ਵਸੀਲੇ ਵਰਤਣ ਉਪਰੰਤ ਗੁਰੂ ਕਲਗੀਧਰ ਪਾਤਸ਼ਾਹ ਦੇ ਪਰਿਵਾਰ ਦੇ ਛੋਟੇ ਫਰਜੰਦ ਸਾਹਿਬਜਾਦਾ ਬਾਬਾ ਜੋਰਾਵਰ ਸਿੰਘ ਜੀ ਤੇ ਸਾਹਿਬਜਾਦਾ ਬਾਬਾ ਫਤਹਿ ਸਿੰਘ ਜੀ ਨੂੰ ਉਮਰ ਪੱਖੋਂ ਛੋਟੇ ਜਾਣ ਕੇ ਕਿਸੇ ਭਰਮ ਤਹਿਤ ਉਹਨਾਂ ਨੂੰ ਜੁਲਮ ਦਾ ਸ਼ਿਕਾਰ ਬਣਾਉਣ ਦਾ ਪੈਂਤੜਾ ਚੱਲਿਆ। ਪਰ ਇਸ ਵਹਿਮ ਕਰਕੇ ਕਿ ਇਹ ਛੋਟੇ ਬੱਚੇ ਹੀ ਨੇ, ਅਸੀਂ ਆਪਣਾ ਨਿਸ਼ਾਨਾ ਸਾਧ ਲਵਾਂਗੇ, ਬੇਖਬਰ ਦੁਸ਼ਮਣ ਨੂੰ ਇਹ ਨਹੀਂ ਸੀ ਪਤਾ ਕੇ ਉਹ ਫਰਜੰਦ ਗੁਰੂ ਕਲਗੀਧਰ ਪਾਤਸ਼ਾਹ ਦੇ ਹਨ ਤੇ ਗੁੜਤੀ ਸ਼ਹਾਦਤ ਦੇ ਪੁੰਜ ਗੁਰੂ ਤੇਗ ਬਹਾਦਰ ਸਾਹਿਬ ਤੋਂ ਲਈ ਬੈਠੇ ਹਨ ਤੇ ਇਸੇ ਤਰ੍ਹਾਂ ਹੀ ਹੋਇਆ। ਸਰਹਿੰਦ ਦੇ ਕੰਨਾ ਚ ਖਬਰ ਪੁੱਜ ਗਈ ਕਿ ਅਨੇਕਾਂ ਲਾਲਚਾਂ ਤੋਂ ਬਾਅਦ ਵੀ ਗੁਰੂ ਸਾਹਿਬ ਦੇ ਸਾਹਿਬਜ਼ਾਦੇ ਸਿੱਖ ਧਰਮ ਵਿੱਚ ਦ੍ਰਿੜ ਹਨ ਤਾਂ ਜਾਲਮ ਨੇ ਫਤਵਾ ਨੀਂਹ 'ਚ ਜਿੰਦਾ ਚਿਣੇ ਜਾਣ ਦਾ ਦਿੱਤਾ ਹੈ। ਆਲਮ ਇਸ ਖਬਰ ਤੋਂ ਕੁਰਲਾ ਉੱਠਿਆ ਤੇ ਉਮਰਾਂ ਦੇ ਅੰਦਾਜੇ ਲਗਾਏ ਜਾਣ ਲੱਗੇ। ਕੋਈ ਇਹ ਆਖ ਰਿਹਾ ਸੀ ਕਿ ਬੱਚੇ ਡੋਲ ਜਾਣਗੇ, ਕੋਈ ਆਖੇ ਇਹਨਾਂ ਨੇ ਵੀ ਉਹੀ ਸ਼ਰਬਤ ਪੀ ਰੱਖਿਆ ਜੋ ਖਾਲਸਾ ਫੋਜਾਂ ਨੇ ਛੱਕਿਆ ਹੈ, ਇਹ ਵੀ ਕੋਈ ਕਰਾਮਾਤ ਕਰਕੇ ਜਾਣਗੇ। ਪਰ ਸਾਹਿਬਜ਼ਾਦਿਆਂ ਨੂੰ ਦਾਦੇ ਪੜਦਾਦਿਆਂ ਦੇ ਵੰਸ਼ ਵਲੋਂ ਮਿਲਿਆ ਸਿਦਕ ਚੇਤੇ ਸੀ ਉਹ ਨਾ ਡੋਲੇ ਤੇ ਸ਼ਹਾਦਤ ਦੇ ਸ਼ਿਖਰ ਦੀਆਂ ਤੰਦਾਂ ਪਾਰ ਕਰ ਗਏ, ਸਿੱਖੀ ਮਹਿਲ ਦੀਆਂ ਨੀਹਾਂ ਜੁਗਾਂ ਜੁਗਾਂਤਰਾਂ ਤੱਕ ਪਕੀਆਂ ਕਰ ਗਏ। ਇਹੋ ਜਿਹਾ ਵਰਤਾਰਾ ਇਸ ਧਰਤੀ ਤੇ ਨਾ ਕਦੇ ਵਰਤਿਆ ਸੀ ਤੇ ਨਾ ਮੁੜ ਵਰਤੇਗਾ। ਸਿੱਖ ਪੰਥ ਉਹਨਾਂ ਸ਼ਹਾਦਤਾਂ ਦੀ ਤਰਜਮਾਨੀ ਕਰਦਿਆਂ ਪੋਹ ਮਹੀਨੇ ਨੂੰ ਸੋਗਮਈ ਢੰਗ ਨਾਲ ਬਿਤਾਅ ਕੇ ਅੱਜ ਵੀ ਖਾਲਸਾ ਪੰਥ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਸਾਂਭੀ ਬੈਠਾ ਹੈ। ਅਦਾਰਾ ਆਤਮ ਰੰਗ ਐਸੇ ਮਹਾਨ ਸ਼ਹੀਦਾਂ ਦੀ ਕੁਰਬਾਨੀ ਨੂੰ ਸਿੱਜਦਾ ਕਰਦਾ ਤੇ ਕੋਟਨ ਕੋਟਾਨ ਪ੍ਰਣਾਮ ਕਰਦਿਆਂ ਨੋਜੁਆਨ ਵਰਗ ਨੂੰ ਅਪੀਲ ਕਰਦਾ ਹੈ ਕਿ ਪੰਥਕ ਰਵਾਇਤਾਂ ਅਨੁਸਾਰ ਜੀਵਨ ਜਿਊਣ ਦੇ ਢੰਗ ਨੂੰ ਤਰਜੀਹ ਦੇ ਕੇ ਸ਼ਹੀਦਾਂ ਦੇ ਪਾਏ ਪੂਰਨਿਆਂ ਤੇ ਖਰਾ ਉਤਰੀਏ।

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥ ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥ ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥ ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥ ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥ ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥ ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥ ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥੧੧॥ ਅੰਗ - 135***

**ਅਰਥ**

ਪੋਹ ਦੇ ਮਹੀਨੇ ਉਨ੍ਹਾਂ ਨੂੰ ਪਾਲਾ ਨਹੀਂ ਪੋਹ ਸਕਦਾ ਜਿਨ੍ਹਾਂ ਦੇ ਗਲੇ ਨਾਲ ਹਰੀ ਕੰਤ ਲੱਗਾ ਹੋਇਆ ਹੈ।

ਉਨ੍ਹਾਂ ਦਾ ਮਨ, ਚਰਨ ਕੰਵਲਾਂ ਦੇ ਨਾਲ ਵਿੰਨ੍ਹਿਆ ਗਿਆ ਹੈ, ਉਨ੍ਹਾਂ 'ਤੇ ਸ਼ਾਹ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਹੈ।

ਗੋਬਿੰਦ ਰਾਇ ਤੇ ਗੋਪਾਲ ਦੀ ਓਟ ਉਨ੍ਹਾਂ ਨੇ ਲਈ ਹੈ ਤੇ ਸਵਾਮੀ ਦੀ ਸੇਵਾ ਨੂੰ ਹੀ ਲਾਹਾ ਸਮਝਿਆ ਹੈ।

ਬਿਖਿਆ ਉਨ੍ਹਾਂ ਨੂੰ ਪੋਹ ਨਹੀਂ ਸਕਦੀ ਕਿਉਂਕਿ ਉਹ ਸਾਧੂ ਨਾਲ ਮਿਲ ਕੇ ਗੁਣ ਗਾ ਰਹੇ ਹਨ।

ਸੱਚੀ ਪ੍ਰੀਤ ਦਾ ਸਦਕਾ, ਉਹ, ਰਚਨਹਾਰ ਵਿਚ ਜਾ ਮਿਲੇ ਹਨ।

ਪਾਰਬ੍ਰਹਮ ਨੇ ਹੱਥ ਫੜ ਕੇ ਅਪਣਾ ਲਏ ਹਨ, ਫਿਰ ਨਹੀਂ ਵਿਛੜਨਗੇ।

ਐਸੇ ਅਗਮ ਅਗਾਹ ਸੱਜਣ ਤੋਂ ਲੱਖ ਵਾਰੀ ਵਾਰਨੇ ਜਾਵਾਂ।

(ਸ੍ਰੀ ਗੁਰੂ) ਨਾਨਕ ਦੇਵ ਜੀ (ਕਹਿੰਦੇ ਹਨ) ਦਰ 'ਤੇ ਪਿਆਂ ਦੀ ਸ਼ਰਨ ਨਾਰਾਇਣ ਨੂੰ ਪਈ ਹੈ।

ਪੋਹ ਉਸ ਲਈ ਸ਼ੋਭਨੀਕ ਹੈ ਤੇ ਸਾਰੇ ਸੁਖ (ਉਸ ਨੂੰ) ਪ੍ਰਾਪਤ ਹਨ, ਜਿਸ ਨੂੰ ਬੇਰਪਵਾਹ ਆਪ ਬਖ਼ਸ਼ੇ।

---

# ਗੁਰਸਿੱਖਾਂ ਲਈ ਗੁਰਬਾਣੀ ਦੇ ਆਧਾਰ 'ਤੇ ਜ਼ਰੂਰੀ ਨਿਯਮ

1. ਪਰਮੇਸ਼ਰ ਦੀ ਹੋਂਦ 'ਤੇ ਪੂਰਨ ਵਿਸ਼ਵਾਸ ਕਰਨਾ।
2. ਸਤਿਗੁਰਾਂ ਦੀ ਬਾਣੀ ਦੇ ਉਪਦੇਸ਼ਾਂ ਨੂੰ ਪੂਰੀ ਤਰ੍ਹਾਂ ਮੰਨਣਾ। ਇਹ ਧੁਰ ਕੀ ਬਾਣੀ ਹੈ ਅਤੇ ਸਾਡੇ ਕਲਿਆਣ ਲਈ ਆਪ ਕਰਤਾ ਅਕਾਲ ਪੁਰਖ ਨੇ ਸਤਿਗੁਰੂ ਜੀ ਰਾਹੀਂ ਸਾਨੂੰ ਬਖ਼ਸ਼ੀ ਹੈ।
3. ਹਰ ਗੁਰਸਿੱਖ ਵੀਰ, ਭੈਣ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਪੰਜ ਪਿਆਰਿਆਂ ਵੱਲੋਂ ਦੱਸੀ ਰਹਿਤ-ਮਰਯਾਦਾ ਵਿਚ ਪਰਪੱਕ ਰਹਿਣਾ।
4. ਪੰਜ ਪਿਆਰਿਆਂ ਵੱਲੋਂ ਪ੍ਰਾਪਤ ਗੁਰ-ਸ਼ਬਦ ਦਾ ਅਭਿਆਸ ਸੁਆਸ-ਸੁਆਸ ਕਰਨਾ।
5. ਗੁਰਸਿੱਖਾਂ ਨੂੰ ਸਤਿਗੁਰਾਂ ਵੱਲੋਂ ਅੰਮ੍ਰਿਤ ਵੇਲੇ ਜਾਗਣ ਤੇ ਇਸ਼ਨਾਨ ਕਰਨ ਦਾ ਹੁਕਮ ਹੈ, ਸੋ ਸਤਿਗੁਰੂ ਦੇ ਦੱਸੇ ਮਾਰਗ 'ਤੇ ਟੁਰਨਾ।



# ਅਣਡਿੱਠੀ ਦੁਨੀਆ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*



ਪ੍ਰੰਤੂ ਅਸਾਡੇ ਧੁਰ-ਧੁਰੰਧਰੀ ਗਿਆਨ ਗੰਮਤਾ ਵਾਲੇ ਸਤਿਗੁਰਾਂ ਨੇ ਸਚ ਹੀ ਸਚ ਨਿਰਣਤ ਕੀਤਾ ਹੈ ਕਿ ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ਹਨ। ਦੁਨੀਆ ਦੀ ਭਾਲ ਕਰਨ ਵਾਲੇ ਦਾਨਿਆਂ ਨੇ ਸਿਰਫ਼ ਗਿਣਤੀ ਦੇ ਸਮੁੰਦਰ ਹੀ ਗਿਣੇ ਹਨ ਅਤੇ ਭਾਰਤ ਦੇ ਹੋ ਚੁਕੇ ਉਘੇ ਸਿਆਣਿਆਂ ਨੇ ਚੌਦਾਂ ਰਤਨ ਹੀ ਗਿਣੇ ਹਨ। ਪਰ ਅਸਾਡੇ ਸੁਰਤ ਅਗੰਮੀ ਧਰਮ ਦਾਨੇ ਬੀਨੇ ਦਿੱਬ ਦ੍ਰਿਸ਼ਟੀਨੇ ਸਤਿਗੁਰਾਂ ਨੇ ਦੱਸਿਆ ਹੈ ਕਿ ਸਿਰਜਨਹਾਰ ਕਰਤਾਰ ਦੀ ਅਪਾਰ ਰਚਨਾ ਵਿਚ 'ਕਈ ਕੋਟਿ ਕੀਏ ਰਤਨ ਸਮੁਦ' ਹਨ। ਜਿਥੇ ਲਖ ਚਉਰਾਸੀਹ ਜੋਨੀ ਦਾ ਹੀ ਹੁਣ ਤਾਈਂ ਅਨੁਮਾਨੀ ਸਬੂਤ ਮਿਲਿਆ ਹੈ, ਤਿਥੇ 'ਕਈ ਕੋਟਿ ਨਾਨਾ ਪ੍ਰਕਾਰ ਜੰਤ" ਦਾ ਗੁਪਤ ਭੇਦ ਸਾਡੇ ਸਤਿਗੁਰਾਂ ਨੇ ਖੋਲ੍ਹਿਆ ਹੈ। ਕਈ ਕਰੋੜ ਚਿਰ-ਜੀਵੀਆਂ ਤੇ ਕਈ ਕਰੋੜ ਗਿਰੀ ਮੇਰ ਸਵਰਨਥੀਵਿਆਂ ਦੀ ਗੁਪਤ ਰਚਨਾ ਸਾਡੇ ਸਤਿਗੁਰਾਂ ਦੀ ਗਿਆਨ ਡਿਸਕਵਰੀ (ਖੋਜ) ਵਿਚ ਆਈ ਹੈ। ਆਮ ਲੋਕ ਭੂਤ, ਪ੍ਰੇਤ, ਜਖ, ਕਿੰਨਰ ਤੇ ਪਿਸ਼ਾਚਾਂ ਦੇ ਵਜੂਦ ਨੂੰ ਉੱਕਾ ਹੀ ਨਹੀਂ ਮੰਨਦੇ, ਪਰ ਸਤਿਗੁਰੂ ਦ੍ਰਿੜਾਇਆ ਗੁਰਮਤਿ ਗਿਆਨ ਇਸ ਗੱਲ ਨੂੰ ਨਿਸਚੇ ਕਰਕੇ ਦ੍ਰਿੜ ਕਰਾਉਂਦਾ ਹੈ ਕਿ ਇਹ ਭੀ ਜੂਨੀਆਂ ਹਨ –

***ਕਈ ਕੋਟਿ ਜਖ੍ ਕਿੰਨਰ ਪਿਸਾਚ॥***
***ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ॥ ੪॥(੧੦)।***
***ਸੁਖਮਨੀ ਸਾਹਿਬ, ਅੰਗ – ੨੭੬***

ਏਸ ਵਾਕ ਵਿਚ ਸੂਰਾਂ ਤੇ ਗਾਂ ਦੀ ਸ਼੍ਰੇਣੀ ਵਿਚ ਹੀ ਨਾਲ ਗਿਣਵੀਂ ਗਿਣਤੀ ਭੂਤ ਪ੍ਰੇਤ ਆਦਿ ਜੂਨੀਆਂ ਦੀ ਭੀ ਕਰ ਦਿੱਤੀ ਹੈ ਤੇ ਸਾਬਤ ਕੀਤਾ ਹੈ ਕਿ ਜਿਵੇਂ ਮਿਰਗਾਂ ਦੀ ਜੂਨੀ ਦੀ ਹੋਂਦ ਹੈ, ਤਿਵੇਂ ਹੀ ਭੂਤਾਂ ਪ੍ਰੇਤਾਂ ਆਦਿ ਦੀ ਜੂਨੀ ਹੈ। ਮੁਸਲਮਾਨੀ ਹਦੀਸਾਂ ਨੇ ਅਕਾਸ਼ ਪਤਾਲ ਦੇ ਚੰਦ-ਇਕ ਗਿਣਵੇਂ ਮਿਣਵੇਂ ਤਬਕੇ ਹੀ ਦੱਸੇ, ਪਰ ਧੁਰੋਂ ਆਈ ਅਮੀਕ ਗਿਆਨ ਗੰਮਤਾ ਵਾਲੀ ਗੁਰਬਾਣੀ ਨੇ –

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥੨੨॥***
***ਜਪੁਜੀ ਸਾਹਿਬ***

ਦੇ ਗੁਰ-ਗਿਆਨ ਦੇ ਭੇਦ ਦਾ ਇੰਕਸਾਫ ਕੀਤਾ। ਤੇ ਏਨ੍ਹਾਂ ਲੱਖਾਂ ਪਾਤਾਲਾਂ ਵਿਚ ਕਈ ਕੋਟਿ ਪਾਤਾਲ ਕੇ ਵਾਸੀ' ਦੇ ਵਾਕ ਅਨੁਸਾਰ ਉਥੇ ਕਰੋੜਾਂ ਹੀ ਰਹਿਣ ਵਾਲੇ ਭੀ ਬਣਾਏ। ਨਰਕ ਸੁਰਗ ਤੋਂ ਮੁਨਕਰ ਲੋਕਾਂ ਨੂੰ ਨ ਸਿਰਫ਼ ਅਣਗਿਣਤ ਨਰਕ ਸੁਰਗ ਕਰਤੇ ਦੀ ਕਾਇਨਾਤ ਅੰਦਰ ਰਚੈ ਹੋਏ ਸਿਧ ਕੀਤੇ, ਸਗੋਂ ਇਨ੍ਹਾਂ ਨਰਕਾਂ ਸੁਰਗਾਂ ਵਿਚ 'ਕਈ ਕੋਟਿ ਨਰਕ ਸੁਰਗ ਨਿਵਾਸੀ ਭੀ ਦ੍ਰਿਸ਼ਟਾਏ। ਬੜੇ ਬੜੇ ਸਿਆਣਿਆਂ ਨੇ ਚਾਰ ਖਾਣੀਆਂ ਤੇ ਗਿਣਤੀ ਦੇ ਖੰਡ ਹੀ ਦੱਸੇ ਹਨ, ਪਰ ਸਤਿਗੁਰੂ ਸਾਹਿਬਾਨ ਨੇ ਨ ਸਿਰਫ਼ ਕਈ ਕੋਟਿ ਖਾਣੀ ਅਰੁ ਖੰਡ' ਹੀ ਸਿਧ ਕੀਤੇ, ਬਲਕਿ ਕਈ ਕੋਟਿ ਅਕਾਸ ਬ੍ਰਹਮੰਡ ਭੀ ਸਿੱਧ ਕੀਤੇ।

ਸੋ ਗੁਰਸਿਖਾਂ ਨੂੰ ਸਚਾ ਭਰੋਸਾ ਤੇ ਈਮਾਨ ਲਿਆਉਣਾ ਚਾਹੀਦਾ ਹੈ ਕਿ ਅਕਾਲ ਪੁਰਖ ਦੇ ਵਿਰਾਟ ਰੂਪ ਵਿਚ ਨਾਨਾ ਪ੍ਰਕਾਰੀ ਅਦ੍ਰਿਸ਼ਟ ਰਚਨਾਵਾਂ ਦੀਆਂ ਹਸਤੀਆਂ ਹਨ, ਜਿਨ੍ਹਾਂ ਦੀ ਹੋਂਦ ਤੋਂ ਸਿਰ ਫੇਰਨਾ ਗੁਰ-ਦਰਸਾਈ ਤੱਤ-ਸਚਾਈ ਤੋਂ ਮੁਨਹਰਫ਼ ਹੋਣਾ ਹੈ, ਜੋ ਪਰਲੇ ਦਰਜੇ ਦੀ ਮਨਮੁਖਤਾ ਹੈ।

ਨਾਮ ਦੀ ਖੇਪ ਲੱਦ ਕੇ, ਗੁਰਸਿਖਾਂ, ਸੰਤਾਂ, ਭਗਤਾਂ ਦੀ ਸੰਗਤ ਸੰਗ ਮਿਲ ਕੇ ਤੇ ਸਦਾ ਮਿਲੇ ਰਹਿਣ ਕਰਕੇ ਜੀਵਨ ਧੰਨਤਾ ਯੋਗ ਹੋ ਜਾਂਦਾ ਹੈ ਤੇ ਬਿਖਿਆ ਜੰਜਾਲ ਤੋਂ ਛੁਟਕਾਰਾ ਪਾ ਕੇ ਵਾਹਿਗੁਰੂ ਦੀ ਦਰਗਾਹ ਵਿਚ ਮੁਖ ਉਜਲਾ ਹੁੰਦਾ ਹੈ, ਯਥਾ ਗੁਰਵਾਕ –

*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*
*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥੫॥(੧੫)*

***ਸੁਖਮਨੀ ਸਾਹਿਬ, ਅੰਗ - ੨੮੩***

ਇਹ ਗੁਰੂ ਨਾਨਕ ਦਾ ਘਰ ਹੀ ਹੈ, ਜੋ ਸਿਖ ਦਾ ਹਲਤ ਪਲਤ ਸੰਵਾਰਨ ਨੂੰ ਸਮਰਥ ਹੈ। ਇਸ ਧੁਰੋਂ ਨਿਵਾਜੇ ਘਰ ਅੰਦਰ ਅਵਤਰੇ ਸਤਿਗੁਰੂ ਹੀ ਸੱਚੇ ਸਤਿਗੁਰੂ ਹਨ। ਗੁਰੂ ਘਰ ਦੀ ਪਰਚਲਤ ਧੁਰ-ਧੁਰੰਧਰੀ ਮਰਯਾਦਾ ਅਨੁਸਾਰ ਅੱਜ ਦੇ ਸਮੇਂ ਅੰਮ੍ਰਿਤ ਛਕਣ ਸਮੇਂ ਹੀ ਸਤਿਗੁਰੂ ਧਾਰਨ ਕੀਤਾ ਜਾਂਦਾ ਹੈ ਤੇ ਨਿਗੁਰਿਓਂ ਸਗੁਰਾ ਬਣਿਆ ਜਾਂਦਾ ਹੈ। ਅੰਮ੍ਰਿਤ ਪ੍ਰਚਾਰ ਸਮੇਂ ਪੰਜਾਂ ਪਿਆਰਿਆਂ ਦੇ ਸਰੂਪ ਵਿਚ ਸਤਿਗੁਰੂ ਨਾਨਕ ਦਸਮੇਸ਼ ਜੀ ਪਰਤੱਖ ਹਾਜ਼ਰ ਹੁੰਦੇ ਹਨ। ਵਡਭਾਗਿਆਂ ਜਗਿਆਸੂਆਂ ਨੂੰ ਪਰਤੱਖ ਦਰਸ਼ਨ ਹੋ ਜਾਂਦੇ ਹਨ ਅਤੇ ਸਤਿਗੁਰੂ ਭੇਟਣ ਦਾ ਅਧਿਭੁਤ ਕ੍ਰਿਸ਼ਮਾ ਪ੍ਰਗਟ ਹੁੰਦਾ ਹੈ। ਸਤਿਗੁਰੂ ਦੇ ਜੋਤਿ ਪਰਜੁਲਤੀ ਚਰਨ ਕਵਲ ਪਰਸਨ ਦਾ ਇਹ ਅਤਿਅੰਤ ਸ਼ੁਭ ਅਵਸਰ ਹੁੰਦਾ ਹੈ। ਸਚਖੰਡ- ਦਰਸ਼ਨੀ ਦਰਸ਼ਨ, ਸਤਿਗੁਰੂ ਦਾ ਜੋਤਿ ਜਲਵਾਨੀ ਦਿਦਾਰਾ, ਸਤਿਗੁਰੂ ਦੀ ਦਿਬ ਜੋਤੀ ਸਮੂਰਤ ਦਾ ਅਪਰ ਅਪਾਰਾ ਹੁੰਦਾ ਹੈ। ਕਿਸੇ ਦੇਹਧਾਰੀ ਪਖੰਡੀ ਗੁਰੂ ਦਾ ਇਹ ਨਾਪਾਕ ਦਾਅਵਾ ਕਿ ਦੇਹਧਾਰੀ ਗੁਰੂ ਧਾਰੇ ਬਿਨਾਂ ਸਿੱਖ ਦੀ ਗਤੀ ਨਹੀਂ ਹੁੰਦੀ, ਐਵੇਂ ਰਸਮ-ਪੂਰਤੀ ਹੀ ਹੈ, ਗਤੀ ਕੀ ਹੋਣੀ ਸੀ। ਨਿਗੁਰੇ ਗੁਰੂ ਕਿਸੇ ਦੀ ਕੀ ਗਤੀ ਕਰ ਸਕਦੇ ਹਨ! ਗੁਰਮਤਿ ਅੰਮ੍ਰਿਤ-ਸੰਚਾਰਨੀ ਸਚੀ-ਤਤ ਮਰਯਾਦਾ ਅਨੁਸਾਰ ਹੀ ਗੁਰੂ ਧਾਰਿਆ ਜਾ ਸਕਦਾ ਹੈ। ਇਸ ਬਿਧ ਹੀ ਸਤਿਗੁਰੂ ਸਿਖਾਂ ਦਾ ਹਲਤੁ ਪਲਤੁ ਸਵਾਰਦਾ ਹੈ, ਆਪਣੇ ਜੀਅ ਨਾਲ ਸੰਮਾਲਦਾ ਹੈ ਅਤੇ ਸਫਲ ਦਰਸ਼ਨ ਦੇ ਕੇ ਸਿਖਾਂ ਨੂੰ ਪੁਨੀਤ ਕਰਦਾ ਹੈ। ਗੁਰੂ ਦੇ ਚਰਨ ਪਰਸਨ ਦੀ ਨਿਰਮਲ ਰੀਤ ਹੀ ਏਸ ਗੁਰਮਤਿ-ਅੰਮ੍ਰਿਤ-ਸਿੰਚਾਰਨੀ ਮਰਯਾਦਾ ਅੰਦਰ ਉਦੀਪਤ (ਪ੍ਰਗਟ) ਹੋ ਜਾਂਦੀ ਹੈ। ਅਜਿਹੇ ਚਰਨ ਕਮਲ ਪਰਸਨ-ਹਾਰਿਆਂ, ਗੁਰ-ਸਨਮੁਖ ਦੀਦਾਰ-ਦੀਦਾਰੀਆਂ ਦਾ ਸੰਗ ਕਰਿ ਹੀ ਰਾਮ ਗੁਣ ਰਵਨ ਹੁੰਦੇ ਹਨ ਅਤੇ ਪਾਰਬ੍ਰਹਮ ਦੀ ਦਰਗਾਹ ਗਵਨ ਹੁੰਦਾ ਹੈ। ਯਥਾ ਗੁਰਵਾਕ -

*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥*
*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥੧॥*
*ਸਫਲ ਦਰਸਨੁ ਪੇਖਤ ਪੁਨੀਤ॥*
*ਪਰਸਤ ਚਰਨ ਗਤਿ ਨਿਰਮਲ ਰੀਤਿ॥*
*ਭੇਟਤ ਸੰਗਿ ਰਾਮ ਗੁਨ ਰਵੇ॥*
*ਪਾਰਬ੍ਰਹਮ ਕੀ ਦਰਗਹ ਗਵੇ॥੪॥(੧੮)*

***ਸੁਖਮਨੀ ਸਾਹਿਬ, ਅੰਗ - ੨੮੬-੮੭***

ਨਿਧਾਨਾਂ ਸਿਰ ਨਿਧਾਨ ਗੁਰਮਤਿ ਨਾਮ ਹੈ, ਜਿਸ ਦੇ ਜਪਣ ਕਰਕੇ ਦਰਗਾਹ ਵਿਚ ਪਰਵਾਨ ਹੋਈਦਾ ਹੈ। ਗੁਰੂ ਨਾਨਕ ਸਾਹਿਬ ਸਾਖਾ ਭਰਦੇ ਹਨ -

*ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥*
*ਜਪਿ ਨਾਨਕ ਦਰਗਹਿ ਪਰਵਾਨੁ॥੨॥(੧੯)*

***ਸੁਖਮਨੀ ਸਾਹਿਬ***

ਨਾਮ ਨਿਧਾਨ ਰੂਪੀ ਪੂੰਜੀ ਸੰਚਨ ਕੀਤਿਆਂ ਹੀ ਦਰਗਹ ਵਾਲੀ ਸਚੀ ਖੇਪ ਲੱਦੀਦੀ ਹੈ, ਜਿਸ ਕਰਕੇ ਇਸ ਦੁਨੀਆ ਵਿਚ ਸੱਚਾ ਸੁਖ ਮਿਲਦਾ ਹੈ। ਅਤੇ ਅਗੇ ਸੱਚੀ ਦਰਗਾਹ ਅੰਦਰ ਜੈ-ਜੈਕਾਰ ਹੁੰਦੀ ਹੈ -

*ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ॥*
*ਈਹਾ ਸੁਖੁ ਦਰਗਹ ਜੈਕਾਰੁ॥੭॥(੧੯)*

***ਸੁਖਮਨੀ ਸਾਹਿਬ***

ਗੁਰਮਤਿ ਨਾਮ (ਜੋ ਸਭ ਮਹਿ ਰਵਿ ਰਹਿਆ ਹੈ) ਕਮਾਈ ਕਰ ਕੇ ਅੰਦਰ ਉਰਧਾਰਿਆਂ ਹਲਤ ਪਲਤ ਦੋਵੇਂ ਸਉਰ ਜਾਂਦੇ ਹਨ -

*ਹਲਤੁ ਪਲਤੁ ਦੁਇ ਲੇਹੁ ਸਵਾਰਿ॥*
*ਰਾਮ ਨਾਮੁ ਅੰਤਰਿ ਉਰਿ ਧਾਰਿ॥੬॥(੨੨)*

***ਸੁਖਮਨੀ ਸਾਹਿਬ***

ਗੁਰੂ ਨਾਨਕ ਦੇ ਘਰ ਦਾ ਦ੍ਰਿੜਾਇਆ ਗੁਰਮਤਿ ਨਾਮ ਧਿਆਇਆਂ ਕਮਾਇਆਂ ਹਲਤ ਪਲਤ ਅੰਦਰ ਛੁਟਕਾਰਾ ਹੁੰਦਾ ਹੈ -

*ਜਨ ਨਾਨਕ ਨਾਮੁ ਧਿਆਇ ਤੂ ਹਰਿ ਹਲਤਿ ਪਲਤਿ ਛੋਡਾਇਸੀ॥੧॥(੧੮)* ***ਅੰਗ - ੩੧੦***

ਜੋ ਦਰਗਹ ਵਿਚ ਮੁਖ ਉਜਲੇ ਲੈ ਕੇ ਜਾਣਹਾਰੇ ਤੇ ਸੋਭਾ ਪਾਉਣਹਾਰੇ ਹਨ, ਤਿਨ੍ਹਾਂ ਗੁਰਸਿਖਾਂ ਦੀ ਧੂੜ ਮੰਗਣ ਦੀ ਉਤਕੰਠਾ ਇਸ ਵਾਕ ਵਿਚ ਅੰਕਤ ਕੀਤੀ ਗਈ ਹੈ -

*ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ॥*
*ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ॥੨॥(੧੮)* ***ਅੰਗ - ੩੧੦***

ਜਿਨ੍ਹਾਂ ਨੂੰ ਜੋਤਿ ਪ੍ਰਕਾਸ਼ੀ ਰਿਦੇ ਅੰਦਰ ਦਰਸ਼ਨ ਹੋਏ ਹਨ, ਤਿਨ੍ਹਾਂ ਨੂੰ ਦਰਗਾਹ ਅੰਦਰ ਸਤਿਗੁਰੂ ਨਾਨਕ ਆਪ ਛੁਡਾਇ ਲੈਂਦੇ ਹਨ -

*ਨਾਨਕ ਦਰਸਨੁ ਜਿਨਾ ਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ॥੧॥(੨੬)* ***ਅੰਗ - ੩੧੪***

***'ਚਲਦਾ'***

# ਹਰਿ ਕੀਰਤਨ

*(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

ਕੇਵਲ ਗੁਰਬਾਣੀ ਦੇ ਕੀਰਤਨ ਨੂੰ ਹੀ 'ਹਰਿ ਕੀਰਤਨ' ਦੀ ਪਦਵੀ ਪ੍ਰਾਪਤ ਹੈ। ਹਰੀ ਅਕਾਲ ਪੁਰਖ ਸਿਰਜਨਹਾਰ ਕਰਤਾਰ ਦੇ ਹਰਦਮ ਸਾਖਸ਼ਾਤ ਦੀਦਾਰ ਕਰਨਹਾਰੇ ਗੁਰੂ ਸਾਹਿਬਾਨ ਨੇ ਸਨਮੁਖ ਸਾਂਗੋ ਪਾਂਗ ਦਰਸ ਪਰਸ ਕੇ ਹੀ ਗੁਰਬਾਣੀ ਰੂਪੀ ਹਰਿ ਗੁਣ ਗਾਏ ਉਚਰੇ ਹਨ। ਤਾਂ ਹੀ ਇਹਨਾਂ ਗੁਣਾਂ ਦਾ ਗਾਵਣਾ ਹਰਿ-ਕੀਰਤਨ ਹੈ ਅਤੇ ਗੁਰਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦਾ ਹਰਿ ਗੁਣ ਗਾਵਣਾ ਭੀ ਸਦਾ ਹਰਿ-ਕੀਰਤਨ ਕਰਨਾ ਹੈ। ਗੁਰ-ਭਗਤਿ-ਕਮਾਈ ਕੇਵਲ ਹਰਿ ਗੁਣ ਉਚਰੇ ਗਾਏ ਗੁਣਾਂ ਦੁਆਰਾ ਹੀ ਸੰਭਵ ਹੈ। ਸੁਣੇ ਸੁਣਾਏ ਗੋਬਿੰਦ ਗੁਣਾਂ ਨੂੰ ਕਲਪਤ ਕਥਨੀ ਦੁਆਰਾ ਗੁੱਥ ਕੇ ਗੀਤਾਂ ਦੀ ਸ਼ਕਲ ਦੇ ਦੇਣਾ, ਅਤੇ ਇਹਨਾਂ ਗੱਠ-ਤੁਪ ਕੀਤੇ ਗੀਤਾਂ ਨੂੰ ਗਾਵਣਾ ਹਰਗਿਜ਼ ਹਰਗਿਜ਼ ਹਰ-ਕੀਰਤਨ ਨਹੀਂ ਹੋ ਸਕਦਾ। 'ਅਣਡੀਠਾ ਕਿਛੁ ਕਹਣੁ ਨ ਜਾਇ' ਦੇ ਗੁਰਵਾਕ ਅਨੁਸਾਰ ਜਿਨ੍ਹਾਂ ਨੇ ਸ੍ਰੀ ਅਕਾਲ ਪੁਰਖ ਨਿਰੰਕਾਰ ਨੂੰ ਸਾਂਗੋ ਪਾਂਗ ਪੇਖਿਆ ਹੀ ਨਹੀਂ, ਉਹ ਉਸ ਦੀ ਸਿਫ਼ਤ ਸਾਲਾਹ ਹੀ ਕੀ ਕਰ ਸਕਦੇ ਹਨ।

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥* *ਅੰਗ - ੮੯੪*

ਦੇ ਗੁਰਵਾਕ ਅਨੁਸਾਰ ਸਾਲਾਹੀ ਦੀ ਗੁਰ-ਸਾਖੀ ਸਿਫਤ ਸਾਲਾਹ ਹੀ ਹਰਿ-ਜਸ ਅਥਵਾ ਹਰਿ-ਕੀਰਤਨ ਬਣ ਸਕਦੀ ਹੈ। ਅਲਪੱਗ ਪੁਰਸ਼ਾਂ ਦੀ ਬਣਾਈ ਗੀਤਾਵਲੀ ਯਾ ਕਬਿੱਤਾਵਲੀ ਕਦਾਚਿਤ ਹਰਿ-ਕੀਰਤਨ ਦੇ ਲਵੇ ਨਹੀਂ ਲੱਗ ਸਕਦੀ। ਆਮ ਗੀਤਾਂ ਨੂੰ ਰਾਗਾਂ ਵਿੱਚ ਪਾ ਕੇ ਗਾਵਣਾ ਅਤੇ ਰਾਗ-ਵਿੱਦਿਆ ਘੋਖ ਘੋਖ ਕੇ ਗਾਵਣਾ ਸੰਗੀਤ ਤਾਂ ਹੋ ਸਕਦਾ ਹੈ ਪਰ ਇਸ ਸੰਗੀਤ ਨੂੰ ਹਰਿ-ਕੀਰਤਨ ਆਖਣਾ ਮਹਾਂ ਭੁੱਲ ਹੈ।

*ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥*
*ਸਾਕਤ ਗੀਤ ਨਾਦ ਧੁਨਿ ਗਾਵਤ*
*ਬੋਲਤ ਬੋਲ ਅਜਾਏ॥* *ਅੰਗ - ੮੨੦*

ਗੁਰਵਾਕ ਦੇ ਭਾਵ ਅਨੁਸਾਰ ਗੁਰ ਗਿਆਨ ਪ੍ਰਚੰਡਨੀ ਦੀਦਾਰ ਨਿਰੰਕਾਰ ਦੇ ਸਾਖਸ਼ਾਤਕਾਰੀ ਜਲਵੇ ਤੋਂ ਘੁੱਥੇ ਅੰਧੁਲੇ ਅਗਿਆਨੀ ਸਾਕਤ ਪੁਰਸ਼ਾਂ ਦੇ ਕਥੇ ਸੁਣੇ ਬਣਾਏ ਬਿਊਂਤੇ ਰਾਗ ਨਾਦ ਗੀਤਾਂ ਦਾ ਗਾਵਣਾ *'ਬੋਲਤ ਬੋਲ ਅਜਾਏ'* ਵਾਲਾ ਹੀ ਕਸੌਦਾ ਹੈ। ਇਹਨਾਂ ਕਚ-ਪਿੱਚੇ ਬੋਲ-ਅਬੋਲੀ ਰਾਗ-ਨਾਦੀ ਗੀਤਾਂ ਨੂੰ ਸ੍ਰਵਣੀ ਸੁਣਨਾ ਸੁਣਾਵਣਾ ਮਹਾਂ ਮਨਮਤ ਹੈ। ਗੁਰਬਾਣੀ ਰੂਪੀ ਸੁੱਚੇ ਰਤਨਾਂ ਵਿਖੇ ਮਨ-ਘੜਤ ਟੱਪੇ ਬੋਲੀਆਂ ਨੂੰ ਜੋੜ ਕੇ ਰਲਾਵਣਾ ਭੀ ਹਰਿ-ਕੀਰਤਨ ਦੀ ਸੁੱਚੀ ਪਾਰਸ-ਕਲਾ ਨੂੰ ਕਲੰਕਤ ਕਰਨਾ ਹੈ। ਐਸੇ ਮਿਲਗੋਭੇ ਕੀਰਤਨ ਨੂੰ ਨਿਰਬਾਣ ਅਥਵਾ ਅਖੰਡ ਕੀਰਤਨ ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਦੀਆਂ ਦੋ ਚਾਰ ਤੁਕਾਂ ਦਾ ਆਸਰਾ ਲੈ ਕੇ ਮਨ-ਉਕਤ ਟੱਪੇ ਜੋੜਿ ਜੋੜਿ ਚਾਹੇ ਸਾਰੀ ਰਾਤ ਹੀ ਕਿਉਂ ਨਾ ਤਾਲ ਪੂਰਿ ਪੂਰਿ ਚਿਮਟੇ ਬਜਾਏ ਜਾਣ, ਅਤੇ ਨਿਰੇ ਰਾਗ-ਨਾਦੀ ਗੀਤ ਗਾਇ ਗਾਇ ਭਾਵੇਂ ਕਿਤਨਾ ਹੀ ਸਿਰ ਕਿਉਂ ਨਾ ਖਪਾਇਆ ਜਾਵੇ, ਕਦਾਚਿਤ ਭੀ ਇਸ ਨੂੰ ਅਖੰਡ ਕੀਰਤਨ ਨਹੀਂ ਕਹਿ ਸਕਦੇ। ਕੀਰਤਨ ਦੀ ਨਿਰਖੰਡਤਾ ਅਤੇ ਨਿਰਬਾਣਤਾ ਕੇਵਲ ਨਿਰੋਲ ਗੁਰਬਾਣੀ ਦੇ ਇਕ-ਰਸ ਕੀਰਤਨ ਵਿੱਚ ਹੀ ਹੈ।

## ਕੀਰਤਨ ਦੁਆਰਾ ਚਰਨ ਕੰਵਲਾਂ ਦਾ ਆਨੰਦ

ਜਿਨ੍ਹਾਂ ਗੁਰਮੁਖਾਂ ਨੂੰ ਗੋਬਿੰਦ ਦੇ ਚਰਨ ਕੰਵਲਾਂ ਸੰਗ ਬਿਸਮ-ਬਿਨੋਦੀ ਆਤਮ-ਰੰਗ, ਚਲੂਲੜਾ ਰੰਗ ਲੱਗ ਗਿਆ ਹੈ ਉਹਨਾਂ ਦੇ ਮਨ ਐਸੇ ਨਿਰਮਲ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਦੁਤੀਆ ਤ੍ਰੈ ਗੁਣੀ ਰੰਗਾਂ ਦੀ ਮੈਲ ਲੱਗ ਹੀ ਨਹੀਂ ਪਾਉਂਦੀ। ਵਿਕਾਰੀ ਅਹਾਰਾਂ ਦੀ ਗ਼ਲੂਦਗੀ ਤੋਂ ਉਪੰਨੀ ਆਲਸ-ਨਿੰਦਰਾ ਉਹਨਾਂ ਦੇ ਨੇੜੇ ਨਹੀਂ ਆਉਂਦੀ। ਅਜਿਹੇ ਕੁੰਗੂ ਵਰਗੇ, ਕੰਗੁਓਂ ਵਧੇਰੇ ਨਿਰਮਲ ਤੇ ਹਰਿ-ਰੰਗ ਮਨ, ਚਰਨ ਕਮਲ ਗੋਬਿੰਦ-ਰੰਗ-ਪਾਗੋ ਮਨ, ਅਹਿਨਿਸ (ਦਿਨ ਰਾਤ) ਜਾਗਦੇ ਹੀ ਰਹਿੰਦੇ ਹਨ ਅਤੇ ਹਰਿ-ਜਸ, ਹਰਿ

***(ਬਾਕੀ ਪੰਨਾ 38 'ਤੇ)***

# ਸਰਬ ਰੋਗ ਕਾ ਅਉਖਦੁ ਨਾਮੁ

*[ਭਾਈ ਧਰਮ ਸਿੰਘ ਸੁੱਜੋਂ]*

ਕੁਦਰਤ ਦੀ ਕਾਇਨਾਤ ਦੇ ਅੰਦਰ ਹਰ ਕੰਮ ਕੁਦਰਤ ਦੇ ਕਿਸੀ ਨਾ ਕਿਸੀ ਕਾਇਦੇ ਕਾਨੂੰਨ ਅੰਦਰ ਨਿਯਮ ਬੱਧ ਢੰਗ ਨਾਲ ਹੋ ਰਿਹਾ ਹੈ। ਕੋਈ ਭੀ ਕੰਮ ਕੁਦਰਤ ਦੇ ਮੁਕੱਰਰ ਕੀਤੇ ਹੋਏ ਨਿਯਮਾਂ ਤੋਂ ਬਾਹਰ ਜਾਂ ਅਟਕਲ-ਪੱਚੂ ਤੌਰ ਤੇ ਨਹੀਂ ਹੁੰਦਾ। ਇਸੀ ਤਰ੍ਹਾਂ ਹੀ ਉੱਪਰ ਦਿੱਤੇ ਗੁਰ-ਫ਼ੁਰਮਾਨ ਅਨੁਸਾਰ ਨਾਮ ਦੀ ਕਮਾਈ ਦੁਆਰਾ ਰੋਗ-ਰਹਿਤ ਜਾਂ ਅਰੋਗ ਹੋ ਜਾਈਦਾ ਹੈ, ਦੇ ਪਿੱਛੇ ਭੀ ਕੁਦਰਤ ਦਾ ਕੋਈ ਕਾਨੂੰਨ ਹੀ ਕੰਮ ਕਰ ਰਿਹਾ ਹੈ। ਜਦੋਂ ਕੋਈ ਕੰਮ ਸਾਡੀ ਸਮਝ ਤੋਂ ਬਾਹਰ ਹੋਵੇ, ਅਮਲ ਵਿੱਚ ਆ ਜਾਏ ਤਾਂ ਆਖ ਦਿੰਦੇ ਹਾਂ ਕਿ ਇਹ ਤਾਂ ਕੋਈ 'ਕਰਾਮਾਤ' ਹੋਈ ਹੈ। ਇਸੀ ਤਰ੍ਹਾਂ ਇਸ ਫੁਰਮਾਨ ਦੀ ਤੈਹ ਵਿੱਚ ਕੰਮ ਕਰ ਰਹੇ ਕੁਦਰਤ ਦੇ ਨਿਯਮ ਨੂੰ ਤਾਂ ਅਸੀਂ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਪਰ ਆਖ ਦਿੰਦੇ ਹਾਂ ਕਿ ਨਾਮ ਦੀ ਕਮਾਈ ਦੁਆਰਾ ਅਕਾਲ ਪੁਰਖ ਨੇ ਸਾਡੇ ਤੇ ਖੁਸ਼ ਹੋ ਕੇ ਕੋਈ 'ਕਰਾਮਾਤ' ਕਰਕੇ ਸਾਨੂੰ ਅਰੋਗ ਕਰ ਦਿੱਤਾ ਹੈ।

ਸੀ. ਆਰ. ਬਿੰਦੂ ਘੋਸ਼ ਜੋ, C. S. (Indian Civil Service) ਅਧੀਨ ਅਫ਼ਸਰ ਰਹੇ, ਪਿਛੋਂ ਸਭ ਕੁੱਝ ਤਿਆਗ ਕੇ ਜੋਗੀ ਹੋ ਗਏ ਤੇ ਪਾਂਡੀਚਰੀ ਆਸ਼ਰਮ ਵਿੱਚ ਰਿਹਾਇਸ਼ ਇਖਤਿਆਰ ਕਰ ਲਈ ਸੀ, ਦਾ ਫੁਰਮਾਨ ਹੈ ਕਿ 'ਕਰਾਮਾਤ' ਨਾਮ ਦੀ ਕੋਈ ਚੀਜ਼ ਨਹੀਂ ਹੈ, ਸਫ਼ਰ ਇੱਕ ਹੀ ਹੁੰਦਾ ਹੈ। ਜਦੋਂ ਸਾਡੀ ਰਫ਼ਤਾਰ ਸੁਸਤ ਹੁੰਦੀ ਹੈ ਤਾਂ ਅਸੀਂ ਹਰ ਇੱਕ ਮੀਲ ਪੱਥਰ ਗਿਣਦੇ ਜਾਂਦੇ ਹਾਂ। ਰਫ਼ਤਾਰ ਤੇਜ਼ ਹੋਣ ਤੇ ਕੋਈ ਕੋਈ ਮੀਲ ਪੱਥਰ ਨਜ਼ਰ ਆਉਂਦਾ ਹੈ ਤੇ ਬਹੁਤ ਸਾਰੇ ਮੀਲ ਪੱਥਰਾਂ ਪਾਸੋਂ ਅਣਦੇਖੇ ਹੀ ਲੰਘ ਜਾਈਦਾ ਹੈ। ਜਦੋਂ ਹਵਾਈ ਜ਼ਹਾਜ ਵਿੱਚ ਸਫ਼ਰ ਕਰਦੇ ਹਾਂ ਤਾਂ ਸਮਾਂ ਭੀ ਬਹੁਤ ਘੱਟ ਲੱਗਦਾ ਹੈ ਤੇ ਮੀਲ ਪੱਥਰ ਭੀ ਕੋਈ ਨਜ਼ਰ ਨਹੀਂ ਆਉਂਦਾ ਤਾਂ ਇਸ ਦਾ ਅਰਥ ਇਹ ਨਹੀਂ ਹੋ ਜਾਂਦਾ ਕਿ ਅਸੀਂ ਵਿਚਕਾਰ ਤੋਂ ਕੁੱਝ ਸਫ਼ਰ ਛੱਡ ਕੇ ਹੀ ਇਕ ਸਿਰੇ ਤੋਂ ਦੂਸਰੇ ਸਿਰੇ ਤੇ ਪਹੁੰਚ ਗਏ ਹਾਂ। ਇਸੀ ਤਰ੍ਹਾਂ ਹੀ ਜਦੋਂ ਕੁਦਰਤ ਦੇ ਨਿਯਮਾਂ ਤੇ ਅਮਲ ਇਤਨੀ ਤੇਜ਼ੀ ਨਾਲ ਹੋ ਜਾਂਦਾ ਹੈ ਜਿਸ ਦੀ ਸਾਨੂੰ ਸਮਝ ਨਹੀਂ ਪੈਂਦੀ ਤਾਂ ਅਸੀਂ ਉਸ ਨੂੰ ਕਰਾਮਾਤ ਆਖ ਦਿੰਦੇ ਹਾਂ।

ਉੱਪਰ ਦਿੱਤੇ ਗੁਰ ਫੁਰਮਾਨ ਅੰਦਰ ਭੀ ਕੋਈ ਕਰਾਮਾਤ ਵਾਲੀ ਗੱਲ ਨਹੀਂ ਹੈ ਸਗੋਂ ਦੇਹ ਅਰੋਗਤਾ ਭੀ ਕੁਦਰਤ ਦੇ ਨਿਯਮਾਂ ਅਨੁਸਾਰ ਹੀ ਅਮਲ ਵਿੱਚ ਆਉਂਦੀ ਹੈ।

ਇਹ ਨਿਯਮ ਕਿਆ ਹਨ। ਇਸ ਤੇ ਵਿਚਾਰ ਕਰਨ ਤੋਂ ਪਹਿਲਾਂ ਅਸੀਂ ਆਪਣੀ ਹੋਂਦ ਬਾਰੇ ਕੁੱਝ ਜਾਣਕਾਰੀ ਪ੍ਰਾਪਤ ਕਰ ਲਈਏ। ਕੁਦਰਤ ਨੇ ਸਾਨੂੰ ਦੋ ਸਰੀਰ ਦਿੱਤੇ ਹਨ। ਇੱਕ ਤਾਂ ਉਹ ਸਰੀਰ ਹੈ ਜੋ ਸਾਨੂੰ ਸਭ ਨੂੰ ਨਜ਼ਰ ਆਉਂਦਾ ਹੈ, ਜਿਸ ਦੇ ਜ਼ਰੀਏ ਅਸੀਂ ਸੰਸਾਰ ਦੇ ਕਾਰ ਵਿਹਾਰ ਕਰਦੇ ਹਾਂ। ਇਸ ਦੀ ਬਣਤਰ ਤਾਂ ਪਰਕਿਰਤੀ ਤੋਂ ਹੋਈ ਹੈ। ਇਸ ਨੂੰ ਸਥੂਲ ਸਰੀਰ ਆਖਦੇ ਹਨ। ਦੂਸਰਾ ਸਰੀਰ, ਇਸੀ ਸਰੀਰ ਦੀ ਨਕਲ ਜਾਂ True copy ਹੈ। ਇਸ ਦੀ ਬਣਤਰ, ਸ਼ਕਤੀ ਜਾਂ Energy ਤੋਂ ਹੋਈ ਹੈ। ਇਸ ਸਰੀਰ ਨੂੰ ਸੂਖਸ਼ਮ ਸਰੀਰ ਜਾਂ Energy body ਆਖਦੇ ਹਨ। ਇਹ ਸੂਖਸ਼ਮ ਸਰੀਰ, ਸਥੂਲ ਸਰੀਰ ਅੰਦਰ ਇਸ ਤਰ੍ਹਾਂ ਫਿੱਟ ਹੈ ਕਿ ਇਸ ਦਾ ਸਥੂਲ ਸਰੀਰ ਦੇ, ਹਰ ਇਕ ਛੋਟੇ ਤੋਂ ਛੋਟੇ ਸੈਲ (Cell) ਨਾਲ ਸੰਪਰਕ ਕਾਇਮ ਹੈ। ਦੇਖਣ ਵਿੱਚ ਤਾਂ ਭਾਵੇਂ ਸਾਡੀ ਜਾਣ ਪਛਾਣ ਇਸ ਦੁਨੀਆਂ ਨਾਲ ਸਾਡੇ ਸਥੂਲ ਸਰੀਰ ਦੁਆਰਾ ਹੀ ਹੁੰਦੀ ਹੈ ਪਰ ਸਾਡੀ ਜ਼ਿੰਦਗੀ ਨੂੰ ਬਣਾਉਣ ਜਾਂ ਵਿਗਾੜਨ ਵਿੱਚ ਸਾਰਾ ਰੋਲ (Role) ਸੂਖਸ਼ਮ ਸਰੀਰ ਦਾ ਹੁੰਦਾ ਹੈ। ਅੱਖੋਂ ਉਹਲੇ ਹੋਣ ਕਰਕੇ ਸਾਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਹੁੰਦੀ। ਮਨ, ਬੁੱਧ, ਚਿੱਤ (ਯਾਦ ਸ਼ਕਤੀ), ਅਹੰਕਾਰ, ਇੜਾ, ਪਿੰਗਲਾ, ਸੁਖਮਨਾ ਆਦਿ ਨਾੜੀਆਂ, ਗਿਆਨ ਇੰਦ੍ਰੀਆਂ,

ਨਾਭ ਕੰਵਲ, ਖੱਟ ਚੱਕਰ, ਤ੍ਰਿਕੁਟੀ ਅਤੇ ਦਸਮ ਦੁਆਰ ਆਦਿ, ਇਹ ਸਾਰੇ ਹੀ ਸੂਖਸ਼ਮ ਸਰੀਰ ਦੇ ਅੰਗ ਹਨ। ਇਨ੍ਹਾਂ ਨੂੰ ਸਥੂਲ ਸਰੀਰ ਦੀ ਚੀਰ ਫਾੜ ਕਰਕੇ ਇਸ ਵਿੱਚੋਂ ਭਾਲਣਾ, ਸਾਡੀ ਅਣਜਾਣਤਾ ਹੈ। ਜਿਸ ਤਰ੍ਹਾਂ ਸਥੂਲ ਸਰੀਰ ਵਿੱਚ ਬਲੱਡ ਸਿਸਟਮ ਸਾਰੇ ਸਰੀਰ ਨੂੰ ਖੂਨ ਪਹੁੰਚਾਉਂਦਾ ਹੈ ਤੇ ਨਰਵਸ ਸਿਸਟਮ, ਸਰੀਰ ਦੇ ਸਾਰੇ ਪੱਠਿਆਂ ਤੇ ਕਾਬੂ ਪਾ ਕੇ ਰੱਖਦਾ ਹੈ ਇਸੀ ਤਰ੍ਹਾਂ ਹੀ ਸੂਖਸ਼ਮ ਸਰੀਰ ਵਿਚ Meridian system ਕੰਮ ਕਰਦਾ ਹੈ। ਇਹ ਮੈਰੀਡੀਅਨ ਸਿਸਟਮ ਬਹੁਤ ਬਰੀਕ ਸ਼ਕਤੀ ਨਾੜੀਆਂ ਦੇ ਜ਼ਰੀਏ ਸਾਰੇ ਸਰੀਰ ਨੂੰ ਪ੍ਰਾਣ Energy Life Force ਸਪਲਾਈ ਕਰਦਾ ਹੈ, ਅਗੋਂ ਇਹ Life Force, ਸਥੂਲ ਸਰੀਰ ਦੇ ਹਰ ਇਕ ਸੈੱਲ ਤੱਕ ਪਹੁੰਚਾਉਂਦਾ ਹੈ। ਜਦੋਂ ਕਿਤੇ ਮੈਰੀਡੀਅਨ ਸਿਸਟਮ ਵਿੱਚ ਕੋਈ ਨੁਕਸ ਪੈ ਜਾਵੈ, ਇਹ ਨਾੜੀਆਂ ਸਰੀਰ ਦੇ ਕਿਸੀ ਹਿੱਸੇ ਨੂੰ Energy ਜਾਂ Life Force ਸਪਲਾਈ ਕਰਨਾ ਬੰਦ ਕਰ ਦਿੰਦੀਆਂ ਹਨ ਤਾਂ ਸਰੀਰ ਦੇ ਉਤਨੇ ਹਿੱਸੇ ਦੇ ਸੈਲ ਮਰਨੇ ਸ਼ੁਰੂ ਹੋ ਜਾਂਦੇ ਹਨ। ਇਸ ਤਰ੍ਹਾਂ ਉਤਨੇ ਹਿੱਸੇ ਵਿੱਚ ਕਿਸੀ ਨਾ ਕਿਸੀ ਬੀਮਾਰੀ ਦਾ ਮੁੱਢ ਬੱਝਣਾ ਸ਼ੁਰੂ ਹੋ ਜਾਂਦਾ ਹੈ।

ਜੇ ਇਸ ਸਟੇਜ ਤੇ ਹੀ ਬੀਮਾਰੀ ਦਾ ਇਲਾਜ ਨਾ ਹੋ ਸਕੇ ਤਾਂ ਇਹ ਬੀਮਾਰੀ ਸਥੂਲ ਸਰੀਰ ਵਿੱਚ ਜ਼ਾਹਰ ਹੋਣੀ ਸ਼ੁਰੂ ਹੋ ਜਾਂਦੀ ਹੈ। ਕਈ ਦਫਾ ਬੀਮਾਰੀ ਸਥੂਲ ਸਰੀਰ ਵਿੱਚ ਪ੍ਰਗਟ ਹੋਣ ਤੋਂ ਪਹਿਲਾਂ ਇਸ ਦਾ ਮੁੱਢ ਸੂਖਸ਼ਮ ਸਰੀਰ ਵਿੱਚ ਦੋ ਸਾਲ ਪਹਿਲਾਂ ਬੱਝਣਾ ਸ਼ੁਰੂ ਹੋ ਜਾਂਦਾ ਹੈ। ਆਪ ਜੀ ਨੇ ਕਈ ਦਫਾ ਡਾਕਟਰਾਂ ਦੀ ਜ਼ਬਾਨੀ ਇਹ ਸੁਣਿਆ ਹੀ ਹੋਵੇਗਾ ਕਿ ਬੀਮਾਰੀ, ਸਥੂਲ ਸਰੀਰ ਵਿੱਚ ਜ਼ਾਹਰ ਹੋਣ ਤੋਂ ਪਹਿਲਾਂ ਮਨ ਵਿੱਚ ਪੈਦਾ ਹੁੰਦੀ ਹੈ। ਇਸ ਕਥਨ ਦਾ ਇਸ਼ਾਰਾ ਭੀ ਸੂਖਸ਼ਮ ਸਰੀਰ ਵੱਲ ਹੈ। ਜਦੋਂ ਮੈਰੀਡੀਅਨ ਸਿਸਟਮ ਆਪਣੀ ਸਮਰੱਥਾ ਅਨੁਸਾਰ ਪੂਰਾ ਕੰਮ ਕਰਦਾ ਰਹੇ ਅਤੇ Life Force ਜਾਂ Energy ਸਰੀਰ ਦੇ ਹਰ ਇੱਕ ਸੈਲ ਤੱਕ ਠੀਕ ਪਹੁੰਚਦੀ ਰਹੇ ਤਾਂ ਬੀਮਾਰੀ ਪੈਦਾ ਹੋਣ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਜਦੋਂ ਸੂਖਸ਼ਮ ਸਰੀਰ ਤੰਦਰੁਸਤ ਹੈ ਤਾਂ ਸਥੂਲ ਸਰੀਰ ਦੇ ਬੀਮਾਰ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇਸ ਤੋਂ ਪਹਿਲਾਂ ਕਿ ਮੈਰੀਡੀਅਨ ਸਿਸਟਮ ਪੂਰੀ ਤਰ੍ਹਾਂ ਕੰਮ ਕਿਵੇਂ ਕਰੇ ਜਾਂ ਸੂਖਸ਼ਮ ਸਰੀਰ ਨੂੰ ਅਰੋਗ ਕਿਵੇਂ ਰੱਖਿਆ ਜਾਵੇ, ਤੇ ਵੀਚਾਰ ਕੀਤੀ ਜਾਵੇ, ਇਸ ਤੋਂ ਪਹਿਲਾਂ ਕੁੱਝ ਹੋਰ ਨੁਕਤੇ ਜ਼ਰੂਰੀ ਹਨ ਜਿਨ੍ਹਾਂ ਤੇ ਵਿਚਾਰ ਕਰ ਲੈਣਾ ਜ਼ਰੂਰੀ ਪਰਤੀਤ ਹੁੰਦਾ ਹੈ। ਪਹਿਲਾਂ ਇਹ ਕਿ ਚੂੰਕਿ ਗੁਰਬਾਣੀ ਅਤੇ ਗੁਰਮਤਿ ਦੇ ਹੋਰ ਧਾਰਮਿਕ ਗਰੰਥਾਂ ਅੰਦਰ, ਸੂਖਸ਼ਮ ਸਰੀਰ ਦਾ ਬਹੁਤ ਘੱਟ ਜ਼ਿਕਰ ਮਿਲਦਾ ਹੈ ਜਿਸ ਕਾਰਨ ਕੁੱਝ ਇੱਕ ਸੱਜਨਾਂ ਨੂੰ ਇਹ ਭੁਲੇਖਾ ਹੈ ਕਿ ਸੂਖਸ਼ਮ ਸਰੀਰ ਅਤੇ ਇਸ ਦੇ ਉੱਪਰ ਬਿਆਨ ਹੋਏ ਕੁੱਝ ਅੰਗਾਂ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦੀ ਦਰਿਆਫ਼ਤ ਯੋਗੀਆਂ ਨੇ ਕੀਤੀ ਹੈ। ਇਸ ਲਈ ਇਸ ਵਿਸ਼ੇ ਦਾ ਸੰਬੰਧ ਸਿਰਫ਼ ਯੋਗੀਆਂ ਨਾਲ ਹੀ ਹੈ, ਸਿੱਖਾਂ ਨਾਲ ਨਹੀਂ।

ਇਸ ਦੇ ਸੰਬੰਧ ਵਿੱਚ ਅਰਜ਼ ਹੈ ਕਿ ਕੁਦਰਤ ਦੇ ਨਿਯਮ ਜਾਂ ਕਾਨੂੰਨ, ਕਿਸੀ ਭੀ ਮਜ਼ਹਬ, ਨਸਲ, ਰੰਗ ਜਾਂ ਮੁਲਕ ਦੀ ਕੈਦ ਅੰਦਰ ਨਹੀਂ ਹੁੰਦੇ। ਇਹ ਨਹੀਂ ਹੁੰਦਾ ਕਿ ਕੁਦਰਤ ਨੇ ਸਿੱਖਾਂ ਲਈ ਬਾਕੀ ਸੰਸਾਰ ਨਾਲੋਂ ਵੱਖਰੇ ਨਿਯਮ ਬਣਾਏ ਹਨ। ਕੋਈ ਮੰਨ ਲਵੇ ਜਾਂ ਕੋਈ ਨਾ ਮੰਨੇ, ਨਿਯਮ ਸਾਰੇ ਸੰਸਾਰ ਲਈ ਇੱਕ ਸਾਰ ਹੁੰਦੇ ਹਨ। ਬਿੱਲੀ ਨੂੰ ਦੇਖ ਕੇ ਜੇ ਕਬੂਤਰ ਅੱਖਾਂ ਮੀਟ ਕੇ ਸਮਝ ਲਵੇ ਕਿ ਬਿੱਲੀ ਦਾ ਵਜੂਦ ਹੀ ਕੋਈ ਨਹੀਂ, ਤਾਂ ਕਬੂਤਰ ਦੀ ਇਸ ਸਮਝ ਨਾਲ ਬਿੱਲੀ ਦਾ ਵਜੂਦ ਤਾਂ ਖਤਮ ਨਹੀਂ ਹੋ ਜਾਂਦਾ। ਕਮਿਊਨਿਸਟ ਰੱਬ ਨੂੰ ਨਹੀਂ ਮੰਨਦੇ। ਇਸ ਦਾ ਅਰਥ ਇਹ ਨਹੀਂ ਹੋ ਜਾਂਦਾ ਕਿ ਰੱਬ ਦਾ ਵਜੂਦ ਹੀ ਕੋਈ ਨਹੀਂ।

ਹਿੰਦੁਸਤਾਨ ਦੇ ਯੋਗੀਆਂ ਨੇ ਇਹ ਦਰਿਆਫਤ ਕਦੋਂ ਕੀਤੀ, ਇਸ ਦਾ ਸਾਨੂੰ ਕੋਈ ਪੱਕਾ ਪਤਾ ਨਹੀਂ ਪਰ ਚੀਨੀਆਂ ਦੇ ਮੱਤ ਅਨੁਸਾਰ, ਉਸ ਦੇ ਸੰਤਾਂ ਮਹਾਤਮਾਂ ਨੇ ਅੱਜ ਤੋਂ ਕੋਈ ਛੇ ਹਜ਼ਾਰ ਸਾਲ ਪਹਿਲਾਂ ਇਸਦੀ ਦਰਿਆਫਤ ਕੀਤੀ। ਅੱਜ ਪੂਰਬੀ ਤੇ ਪੱਛਮੀ ਦੋਨੋਂ ਪਾਸਿਆਂ ਦੇ ਵਿਦਵਾਨ ਤੇ ਖੋਜੀ, ਇਸ ਹਕੀਕਤ ਨੂੰ ਠੀਕ ਮੰਨਦੇ ਹਨ। ਸਾਇੰਸਦਾਨ ਇਸ ਤੋਂ ਭੀ ਇੱਕ ਕਦਮ ਅੱਗੇ ਨਿਕਲ ਗਏ ਹਨ। North Korea ਦੀ ਪਾਓਨਗੋਂਗ (Pyongong) ਯੂਨੀਵਰਸਿਟੀ ਦੇ ਡਾਕਟਰ Kim Bong Han ਨੇ ਸੰਨ ੧੯੩੭ ਵਿੱਚ ਤਜਰਬੇ ਕਰ ਕੇ ਮੈਰੀਡੀਅਨ ਸਿਸਟਮ ਦੀ ਵਿਸਥਾਰ ਸਹਿਤ ਜਾਣਕਾਰੀ ਸੰਸਾਰ ਨੂੰ ਦਿੱਤੀ ਤੇ ਹੋਰ ਸਾਇੰਸਦਾਨਾਂ ਨੇ ਇਸ ਤੇ ਤਜਰਬੇ ਕਰ ਕੇ ਇਸ ਹਕੀਕਤ ਦੀ ਪੁਸ਼ਟੀ ਕੀਤੀ ਕਿ ਇਹ ਮੈਰੀਡੀਅਨ ਲਾਈਨਜ਼ ਬਿਜਲੀ (Electricity) ਦੇ ਗੁਜ਼ਰਨ ਦੇ ਰਸਤੇ ਹਨ (......meridians are pathway way for electricity)। ਇਸ ਸਿਧਾਂਤ ਅਨੁਸਾਰ ਉਨ੍ਹਾਂ ਨੇ ਇੱਕ ਮਸ਼ੀਨ ਈਜਾਦ ਕੀਤੀ ਜਿਸ ਦਾ ਨਾਮ Point-hacotar ਹੈ ਇਹ

ਮਸ਼ੀਨ ਸਰੀਰ ਅੰਦਰ ਉਨ੍ਹਾਂ Points ਦਾ ਪਤਾ ਕਰਦੀ ਹੈ ਜਿਸ ਤੇ ਕਈ ਪਾਸਿਆਂ ਤੋਂ ਮੈਰੀਡੀਅਨ ਲਾਈਨਜ਼ ਆ ਕੇ ਇਕ ਨੁਕਤੇ ਤੇ ਮਿਲਦੀਆਂ ਹਨ। ਅਗੋਂ ਇਨ੍ਹਾਂ Points ਦਾ ਪਤਾ ਕਰਕੇ Energy ਦੇ ਬਹਾਓ (Flow) ਨੂੰ ਦਰੁਸਤ ਕਰਕੇ ਸੂਖਸ਼ਮ ਸਰੀਰ ਨੂੰ ਤੰਦਰੁਸਤ ਕੀਤਾ ਜਾਂਦਾ ਹੈ। ਡਾਕਟਰ ਕਿਮ ਨੇ ਇਨ੍ਹਾਂ ਮੈਰੀਡੀਅਨਜ਼ ਦੀ ਮੋਟਾਈ ੨੦ ਤੋਂ ੫੦ millimicrons ਬਿਆਨ ਕੀਤੀ ਹੈ।

ਆਪ ਜੀ ਨੇ ਦਾਸ ਦਾ ਲਿਖਿਆ ਲੇਖ 'ਆਤਮਿਕ ਸ਼ਕਤੀ' ਸੂਰਾ, ਅਗਸਤ ੧੯੯੫ ਦੇ ਸਫਾ ੫ ਤੇ ਸ਼ਾਇਦ ਪੜ੍ਹਿਆ ਹੋਵੇਗਾ ਕਿ ਸੂਖਸ਼ਮ ਸਰੀਰ ਦੀ Energy ਜਦੋਂ ਉਪਰ ਤੇ ਬਾਹਰ ਵਲ ਪਰਵਾਹ (Flow) ਕਰਦੀ ਹੈ ਤਾਂ ਸਰੀਰ ਤੋਂ ਬਾਹਰ ਨਿਕਲ, ਬਾਹਰ ਕੁਦਰਤ ਦੀ ਪਹਿਲਾ ਤੋਂ ਮੌਜੂਦ ਸ਼ਕਤੀ ਨਾਲ ਟਕਰਾਉਂਦੀ ਹੈ ਤਾਂ ਉਥੇ ਰੌਸ਼ਨੀ ਦੀ ਚਮਕਾਰ ਪੈਦਾ ਹੋ ਜਾਂਦੀ ਹੈ ਜਿਸ ਨੂੰ ਮੈਗਨੈਟਿਕ ਔਰਾ (Maegnetic Aura) ਆਖਦੇ ਹਨ। ਸਿਰ ਦੇ ਗਿਰਦ ਇਸ ਚਮਕਾਰ ਦਾ ਘੇਰਾ ਕੁੱਝ ਵਡੇਰਾ ਹੁੰਦਾ ਹੈ ਜਿਸ ਨੂੰ ਹਾਲੋ (Halo) ਆਖਦੇ ਹਨ। ਸਾਡੀ ਅੱਖ ਦੇ ਦੇਖਣ ਦੀ ਹੱਦ ੪੦੦੦ ਤੋਂ ੮੦੦੦ ਐਸਟਰਮ ਦੀ ਵੇਵ ਲੈਂਗਥ ਦੇ ਵਿਚਕਾਰ ਹੈ। ਇਨ੍ਹਾਂ ਦੋ ਹੱਦਾਂ ਤੋਂ ਬਾਹਰ ਇਹ ਕੁੱਝ ਨਹੀਂ ਦੇਖ ਸਕਦੀਆਂ। ਮੈਗਨੇਟਿਕ ਔਰਾ ਜਾਂ ਹਾਲੋ ਦੀ ਵੇਵ ਲੈਂਗਥ ਇਨ੍ਹਾਂ ਦੇ ਹੱਦਾਂ ਤੋਂ ਬਾਹਰ ਹੋਣ ਕਰਕੇ ਸਾਨੂੰ ਇਹ ਨਜ਼ਰ ਨਹੀਂ ਆਉਂਦੇ। ਰੂਸ ਦੇ ਇੱਕ ਸਾਇੰਸਦਾਨ Semyon Kirlian ਅਤੇ ਉਸ ਦੀ ਪਤਨੀ Valentina ਨੇ ਸੰਨ ੧੯੩੯ ਵਿੱਚ ਇੱਕ ਐਸਾ ਕੈਮਰਾ ਬਣਾਇਆ ਜੋ ਮੈਗਨੈਟਿਕ ਔਰਾ ਅਤੇ ਹਾਲੋ ਦੀ ਫੋਟੋ ਖਿੱਚ ਸਕਦਾ ਹੈ। ਸੰਸਾਰ ਵਿੱਚ ਕੁੱਝ ਸੱਜਨ ਐਸੇ ਭੀ ਹਨ ਜੋ ਆਪਣੀ ਮਰਜ਼ੀ ਅਨੁਸਾਰ ਆਪਣੇ ਸੂਖਸ਼ਮ ਸਰੀਰ ਸਥੂਲ ਸਰੀਰ ਤੋਂ ਵੱਖ ਕਰ ਲੈਂਦੇ ਹਨ। ਅਗਰ ਕੋਈ ਸਖਸ਼, ਆਪਣੇ ਸੂਖਸ਼ਮ ਸਰੀਰ ਵਿੱਚ ਸਥੂਲ ਤੋਂ ਬਾਹਰ ਹੋਵੇ ਤਾਂ ਉਸ ਦੇ ਪੂਰੇ ਸੂਖਸ਼ਮ ਸਰੀਰ ਦੀ ਫੋਟੋ ਭੀ ਲਈ ਜਾ ਸਕਦੀ ਹੈ। ਪਿਛੋਂ ਸਾਇੰਸਦਾਨਾਂ ਨੇ ਇਸ ਕਿਰਲੀਅਨ ਫੋਟੋਗਰਾਫੀ ਨਾਲ ਸਿੱਧ ਕੀਤਾ ਹੈ ਕਿ Energy body is a whole unified organism in itself which acts as a unit that gives off its own electromagnetic Fields. ਇਨ੍ਹਾਂ ਤੱਥਾਂ ਦੀ ਰੌਸ਼ਨੀ ਵਿੱਚ ਅਸੀਂ ਆਖ ਸਕਦੇ ਹਾਂ ਕਿ ਸਾਡੇ ਵਜੂਦ ਦੇ ਦੋ ਅੰਗ ਹਨ, ਇੱਕ ਇਹ ਨਜ਼ਰ ਆਉਂਦਾ ਸਥੂਲ ਸਰੀਰ ਤੇ ਦੂਸਰਾ ਨਜ਼ਰ ਤੋਂ ਓਹਲੇ ਸੂਖਸ਼ਮ ਸਰੀਰ।

ਸੂਖਸ਼ਮ ਸਰੀਰ ਅਤੇ ਮੂਲ-ਬੰਧ ਕਿਰਿਆ ਬਾਰੇ ਵਿਸਥਾਰਤ ਜਾਣਕਾਰੀ ਆਪ ਜੀ 'ਸੂਰਾ' ਦਸੰਬਰ ੧੯੯੫ ਵਿੱਚ 'ਨਾਭ ਕੰਵਲ ਤੇ ਦਸਮ ਦੁਆਰ' ਨਾਮੇ ਲੇਖ ਵਿੱਚ ਸ਼ਾਇਦ ਪੜ੍ਹ ਹੀ ਚੁੱਕੇ ਹੋਵੋਗੇ, ਇਸ ਲਈ ਉਸ ਨੂੰ ਹੁਣ ਫੇਰ ਦੋਹਰਾਉਣ ਤੋਂ ਸੰਕੋਚ ਕੀਤਾ ਜਾਂਦਾ ਹੈ। ਸੰਖੇਪ ਵਿੱਚ ਸਰੀਰ ਨੂੰ ਜੀਵਤ ਅਤੇ ਕਿਰਿਆਸ਼ੀਲ ਰੱਖਣ ਲਈ ਸ਼ਕਤੀ ਜਾਂ Energy ਦੀ ਲੋੜ ਹੈ। ਸ਼ਕਤੀ, ਖੁਰਾਕ ਅਤੇ ਸੁਆਸਾਂ ਦੁਆਰਾ ਪ੍ਰਾਣਾਂ' ਤੋਂ ਹਾਸਲ ਕੀਤੀ ਜਾਂਦੀ ਹੈ। 'ਤੂੰ ਦਰੀਆਉ ਸਭ ਤੁਝ ਹੀ ਮਾਹਿ' (ਅੰਗ - ੧੧) ਜਿਵੇਂ ਜਲ ਜੰਤੂਆਂ ਦੇ, ਦਰਿਆ ਅੰਦਰ ਚਾਰ ਚੌਫੇਰੇ ਜਲ ਹੀ ਜਲ ਹੁੰਦਾ ਹੈ ਇਸੀ ਤਰ੍ਹਾਂ ਹੀ ਧਰਤੀ ਤੇ ਵਸਦੇ ਜੀਵਾਂ ਦੇ ਚਾਰ ਚੌਫੇਰੇ ਹਵਾ ਅਤੇ ਪ੍ਰਾਣ ਸ਼ਕਤੀ ਮੌਜੂਦ ਹੁੰਦੀ ਹੈ। ਪ੍ਰਾਣ ਸ਼ਕਤੀ ਹਵਾ ਨਾਲ ਮਿਲ ਕੇ, ਸਵਾਸਾਂ ਦੁਆਰਾ ਸਾਡੇ ਸਰੀਰ ਅੰਦਰ ਜਾਂਦੀ ਹੈ। ਪ੍ਰਾਣ ਸ਼ਕਤੀ, ਸਰੀਰ ਅੰਦਰ ਜਜ਼ਬ ਹੋ ਜਾਂਦੀ ਹੈ ਤੇ ਹਵਾ ਖ਼ੂਨ ਅੰਦਰ ਦੀ ਸਫਾਈ ਕਰਦੀ ਹੋਈ ਬਾਹਰ ਨਿਕਲ ਜਾਂਦੀ ਹੈ। ਸ਼ਕਤੀ, ਰੀੜ੍ਹ ਦੀ ਹੱਡੀ ਦੇ ਨਿਚਲੇ ਸਿਰੇ ਤੇ ਗੁਦਾ ਦੇ ਦਰਮਿਆਨੀ ਹਿੱਸੇ ਮੂਲਾਧਾਰ ਵਿੱਚ ਜਮ੍ਹਾ ਹੋ ਜਾਂਦੀ ਹੈ।

ਹੁਣ ਅੱਗੋਂ 'ਸੋਚ' ਦੀ ਕਿਰਿਆ ਸ਼ੁਰੂ ਹੁੰਦੀ ਹੈ। ਸੋਚ ਪੈਦਾ ਕਰਨ ਦੀ ਮਸ਼ੀਨ ਸਾਡਾ ਮਨ ਹੈ। ਪਰੇਮ ਪਿਆਰ, ਸੇਵਾ ਭਾਵ ਜਾਂ ਸਰਬੱਤ ਦੇ ਭਲੇ ਆਦਿ ਦੀ ਸ਼ੁੱਭ ਜਾਂ ਫੋਸਿਟਿਵਣ ਸੋਚ, ਮੂਲਾਧਾਰ ਵਿੱਚ ਮੌਜੂਦ ਸ਼ਕਤੀ ਨੂੰ ਉੱਪਰ ਅਤੇ ਬਾਹਰ ਵੱਲ ਦੇ ਬਹਾਓ ਜਾਂ ਡਲੋ਼ ਲਈ ਮਦਦ ਕਰਦੀ ਹੈ ਜਦੋਂ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ, ਈਰਖਾ, ਚੁਗਲੀ ਬਖੀਲੀ ਆਦਿ ਦੀ Negative ਜਾਂ ਅਸ਼ੁੱਭ ਸੋਚ, ਸ਼ਕਤੀ ਦੇ ਉੱਪਰ ਵੱਲ ਦੇ ਬਹਾਓ ਨੂੰ ਵਾਪਸ ਨੀਚੇ ਵੱਲ ਨੂੰ ਮੋੜਦੀ ਹੈ। ਜਦੋਂ ਸ਼ੁੱਭ ਸੋਚ' ਦੁਆਰਾ ਸ਼ਕਤੀ ਉੱਪਰ ਵੱਲ ਚੱਲਦੀ ਹੈ ਤਾਂ ਇਸ ਦੇ ਰਸਤੇ ਵਿੱਚ ਸ਼ੁਭ ਮਰਕਜ਼ ਜਾਂ Centres ਐਸੇ ਆਉਂਦੇ ਹਨ ਜਿੱਥੇ ਸ਼ਕਤੀ ਜਮਾਂ ਹੋ ਆਪਣੇ ਗਿਰਦ ਚੱਕਰ ਕੱਟਣ ਲੱਗ ਜਾਂਦੀ ਹੈ। ਇਸ ਲਈ ਇਨ੍ਹਾਂ Centres ਨੂੰ ਚੱਕਰ ਦਾ ਨਾਮ ਦਿੱਤਾ ਗਿਆ ਹੈ। ਇਹ ਚੱਕਰ ਅੱਗੋਂ ਮੈਰੀਡੀਅਨ ਲਾਈਨਜ਼ ਦੇ ਜ਼ਰੀਏ, ਇਸ ਚੱਕਰ ਦੇ ਸੰਬੰਧਤ ਸਰੀਰਕ ਹਿੱਸੇ ਨੂੰ, ਸ਼ਕਤੀ ਦੀ ਸਪਲਾਈ ਕਰਦੇ ਹਨ। ਹੁਣ ਤੱਕ ਬਿਆਨ ਹੋਈ ਸ਼ੁੱਭ ਸੋਚ ਦੁਆਰਾ, ਸ਼ਕਤੀ ਦੀ ਸਪਲਾਈ ਦਾ ਸਾਰਾ ਕੰਮ, ਸੂਖਸ਼ਮ ਸਰੀਰ ਵਿੱਚ ਹੁੰਦਾ ਹੈ। ਜਿਵੇਂ ਬਿਜਲੀ ਦੇ ਕਿਸੀ ਪਾਵਰ ਹਾਊਸ ਤੋਂ ਪੈਦਾ ਹੋਈ ਬਿਜਲੀ ਸੰਬੰਧਤ ਇਲਾਕੇ ਨੂੰ, ਰਸਤੇ ਵਿੱਚ ਪੈਂਦੇ ਪਾਵਰ ਸਬ ਸਟੇਸ਼ਨ

ਸਪਲਾਈ ਕਰਦੇ ਹਨ ਉਸੀ ਤਰ੍ਹਾਂ ਹੀ ਇਹ ਚੱਕਰ, ਮੂਲਾਧਾਰ ਚੱਕਰ ਤੋਂ ਉੱਪਰ ਉੱਠੀ ਸ਼ਕਤੀ ਨੂੰ ਪੂਰੇ ਸੂਖਸ਼ਮ ਸਰੀਰ ਵਿੱਚ ਪਹੁੰਚਾਉਂਦੇ ਹਨ। ਸੂਖਸ਼ਮ ਸਰੀਰ ਦਾ ਸਥੂਲ ਸਰੀਰ ਦੇ ਹਰ ਇਕ ਛੋਟੇ ਤੋਂ ਛੋਟੇ ਸੈਲ ਨਾਲ ਸੰਬੰਧ ਕਾਇਮ ਹੈ, ਇਸ ਲਈ ਸੂਖਸ਼ਮ ਸਰੀਰ, ਅਗੋਂ ਸ਼ਕਤੀ ਪੂਰੇ ਸਥੂਲ ਵਿੱਚ ਵੰਡਦਾ ਹੈ ਜਿਸ ਦੇ ਨਾਲ ਸਥੂਲ ਸਰੀਰ ਜ਼ਿੰਦਾ ਤੇ ਕਿਰਿਆ ਸ਼ੀਲ ਰਹਿੰਦਾ ਹੈ।

ਅਸ਼ੁੱਭ ਜਾਂ Negative ਸੋਚ, ਸ਼ਕਤੀ ਦੇ ਬਹਾਓ ਨੂੰ ਨੀਚੇ ਵੱਲ ਮੋੜਦੀ ਹੈ। ਆਪਣੇ ਕੁਦਰਤੀ ਬਹਾਓ ਜਾਂ ਸ਼ੁੱਭ ਸੋਚ ਦੁਆਰਾ ਸ਼ਕਤੀ ਉਪਰ ਵੱਲ ਚਲਦੀ ਹੈ। ਜਿੱਥੇ ਉੱਪਰ ਤੋਂ ਥੱਲੇ ਅਤੇ ਥੱਲੇ ਤੋਂ ਉੱਪਰ ਵੱਲ ਚਲਦੀਆਂ ਸ਼ਕਤੀਆਂ ਦਾ ਮਿਲਾਪ ਹੁੰਦਾ ਹੈ ਉੱਥੇ ਸ਼ਕਤੀ ਦਾ ਇਕ ਤਰ੍ਹਾਂ ਨਾਲ ਮੀਂਦਾ (Congestion) ਜੇਹਾ ਲੱਗ, ਸ਼ਕਤੀ ਦਾ ਬਹਾਓ ਰੁੱਕ ਜਾਂਦਾ ਹੈ। ਇਸ ਰੁਕਾਵਟ ਕਾਰਨ ਸੰਬੰਧਤ ਚੱਕਰ ਨੂੰ ਪੂਰੀ ਸ਼ਕਤੀ ਨਹੀਂ ਮਿਲਦੀ। ਚੱਕਰ ਅੱਗੋਂ ਸਰੀਰ ਨੂੰ ਸ਼ਕਤੀ ਦੀ ਸਪਲਾਈ ਨਹੀਂ ਕਰ ਪਾਉਂਦਾ। ਨਤੀਜਾ ਇਹ ਹੁੰਦਾ ਹੈ ਕਿ ਸਰੀਰ ਦੇ ਉਸ ਹਿੱਸੇ ਦੇ ਸੈਲ ਮੁਰਦਾ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਉਸ ਹਿੱਸੇ ਵਿੱਚ ਕੋਈ ਨਾ ਕੋਈ ਬੀਮਾਰੀ ਉਤਪੰਨ ਹੋ ਅਸੀਂ ਬੀਮਾਰ ਹੋ ਜਾਂਦੇ ਹਾਂ। ਰੋਗ ਰਹਿਤ ਰਹਿਣ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਮਨ ਦੀ ਸੋਚ ਤੇ ਹਰ ਵਕਤ ਪਹਿਰਾ ਦੇਈਏ, Positive ਜਾਂ ਸ਼ੁੱਭ ਸੋਚ ਨੂੰ ਬੜਾਵਾ ਦੇਈਏ ਤੇ Negative ਜਾਂ ਅਸ਼ੁੱਭ ਸੋਚ ਤੋਂ ਬਚੀਏ।

ਜਿਥੇ Positive ਸੋਚ, ਸ਼ਕਤੀ ਦੇ ਉਪਰ ਵੱਲ ਬਹਾਓ ਨੂੰ ਜਾਰੀ ਰੱਖਦੀ ਹੈ ਉਥੇ ਹੀ ਮੂਲਬੰਧ ਕਿਰਿਆ, ਜਿਸ ਬਾਰੇ ਵਿਸਥਾਰ ਸਹਿਤ ਵਿਚਾਰ ਸੂਰਾ ਦਸੰਬਰ ੧੯੯੫ ਵਿੱਚ ਨਾਭ ਕੰਵਲ ਤੇ ਦਸਮ-ਦੁਆਰ ਨਾਮਕ ਲੇਖ ਵਿੱਚ ਆਪ ਜੀ ਸ਼ਾਇਦ ਪੜ੍ਹ ਹੀ ਚੁੱਕੇ ਹੋਵੋਗੇ, ਸ਼ਕਤੀ ਮੂਲਾਧਾਰ ਤੋਂ ਖਿੱਚ ਉੱਪਰ ਦਸਮ-ਦੁਆਰ ਵੱਲ ਧੱਕਦੀ (Push ਕਰਦੀ) ਹੈ। ਜਿਵੇਂ ਇੱਕ ਕਾਰ ਵਿੱਚ ਪੈਟਰੋਲ ਟੈਂਕ ਤੇ ਕਾਰਬੋਰੇਟਰ ਵਿਚਕਾਰ ਇੱਕ ਪੰਪ ਲੱਗਾ ਹੁੰਦਾ ਹੈ ਜੋ ਪੈਟਰੌਲ ਨੂੰ ਟੈਂਕ ਤੋਂ ਖਿੱਚ ਕੇ ਕਾਰਬੋਰੇਟਰ ਵੱਲ ਧੱਕਦਾ ਹੈ, ਉਹ ਹੀ ਕੰਮ ਸਾਡੇ ਸਰੀਰ ਵਿੱਚ ਮੂਲ-ਬੰਧ ਕਿਰਿਆ ਕਰਦੀ ਹੈ। ਇਸ ਤਰ੍ਹਾਂ ਸਰੀਰ ਦੇ ਸਾਰੇ ਚੱਕਰਾਂ ਨੂੰ ਸ਼ਕਤੀ ਦੀ ਸਪਲਾਈ ਪੂਰੀ ਮਿਲਦੀ ਰਹਿੰਦੀ ਹੈ ਤੇ ਅੱਗੋਂ ਚੱਕਰ ਪੂਰੇ ਸਰੀਰ ਨੂੰ ਸ਼ਕਤੀ ਦੀ ਵੰਡ ਪੂਰੀ ਕਰਕੇ, ਸਰੀਰ ਨੂੰ ਤੰਦਰੁਸਤ ਰੱਖਦੇ ਹਨ। ਮੂਲ-ਬੰਧ ਕਿਰਿਆ, ਭਾਵੇਂ ਅਸੀਂ ਆਪਣੀ ਮਰਜ਼ੀ ਅਤੇ ਕੋਸ਼ਿਸ਼ ਨਾਲ ਕਰੀਏ ਤੇ ਭਾਵੇਂ ਕਿਸੀ ਹੋਰ ਕਾਰਨ ਕਰਕੇ ਇਹ ਆਪਣੇ ਆਪ ਹੁੰਦੀ ਰਹੇ, ਕੰਮ ਦੋਨਾਂ ਹਾਲਤਾਂ ਵਿੱਚ ਸ਼ਕਤੀ ਦੇ ਉਪਰ ਵੱਲ ਬਹਾਓ ਨੂੰ ਕਾਇਮ ਰੱਖਣਾ ਹੈ।

ਜਿਵੇਂ ਆਪ ਜੀ ਨੇ ਉਪਰ ਹਵਾਲਾ ਦਿੱਤੇ ਲੇਖ ਵਿੱਚ ਪੜ੍ਹਿਆ ਹੀ ਹੈ ਕਿ ਜਦੋਂ ਅਸੀਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰਨ ਸਮੇਂ, ਦ੍ਰਿੜ੍ਹ ਕਰਵਾਈ ਗਈ ਅਰਧ-ਉਰਧੀ, ਸੁਆਸ ਗਿਰਾਸੀ ਨਾਮ ਅਭਿਆਸੀ ਜੁਗਤੀ ਦੁਆਰਾ ਇੱਕ ਵਾਰੀ 'ਵਾਹਿਗੁਰੂ' ਸ਼ਬਦ ਦਾ ਉਚਾਰਨ ਕਰਦੇ ਹਾਂ ਤਾਂ ਇੱਕ ਮੂਲ-ਬੰਧ ਕਿਰਿਆ ਆਪਣੇ ਆਪ, ਬੇ-ਮਾਲੂਮੇ ਹੀ ਹੋ ਜਾਂਦੀ ਹੈ। ਸਾਨੂੰ ਆਪ ਜਾਣ ਬੁੱਝ ਕੇ ਕੁੱਝ ਨਹੀਂ ਕਰਨਾ ਪੈਂਦਾ। ਸ਼ਾਇਦ ਇਸ ਕਾਰਨ ਹੀ ਗੁਰਬਾਣੀ ਵਿੱਚ ਇਸ ਦਾ ਬਹੁਤਾ ਜ਼ਿਕਰ ਕਰਨ ਦੀ ਲੋੜ ਪ੍ਰਤੀਤ ਨਾ ਕੀਤੀ ਗਈ ਹੋਵੇ। ਹੁਕਮ ਹੈ ਕਿ 'ਜਿਨਾ ਸਾਸਿ ਗਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ' (ਅੰਗ - ੩੧੯) ਜਦੋਂ ਅਸੀਂ ਸਾਸ ਗਰਾਸ ਭਾਵ ਲਗਾਤਾਰ ਨਾਮ ਅਭਿਆਸ ਜਾਰੀ ਰੱਖਾਂਗੇ ਤਾਂ ਮੂਲ-ਬੰਧ ਕਿਰਿਆ ਭੀ ਆਪਣੇ ਆਪ ਲਗਾਤਾਰ ਜਾਰੀ ਰਹੇਗੀ। ਪੂਰੇ ਸਰੀਰ ਨੂੰ ਸ਼ਕਤੀ ਦੀ ਵੰਡ ਲੋੜ ਅਨੁਸਾਰ ਹੁੰਦੀ ਰਹੇਗੀ ਤੇ ਅਸੀਂ ਹਮੇਸ਼ਾਂ ਰੋਗ ਰਹਿਤ ਜਾਂ ਅਰੋਗ ਰਹਾਂਗੇ। ਇਹ ਹੈ ਕੁਦਰਤ ਦਾ ਉਹ ਨਿਯਮ ਜੋ 'ਸਰਬ ਰੋਗ ਕਾ ਅਉਖਦੁ ਨਾਮ' ਦੇ ਹੁਕਮ-ਨਾਮੇ ਦੇ ਪਿਛੇ ਕੰਮ ਕਰ ਰਿਹਾ ਹੈ।

ਫਿਲਪਾਇਨ ਵਿਚ ਵਸਦੇ ਚੀਨੀ ਮੂਲ ਦੇ ਬਾਸ਼ਿੰਦੇ ਮਿਸਟਰ ਚੋਆ ਕੱਕ ਸੂਈ (CHOA KOK SUI) ਨੇ ਆਪਣੀ ਪੁਸਤਕਾਂ 'The Ancient Science and Pranic Healing Advanced Pranic Healing ਵਿਚ ਵਿਸਥਾਰ ਸਹਿਤ, ਸੂਖਸ਼ਮ ਸਰੀਰ ਦੀ ਸ਼ਕਤੀ ਜਾਂ Energy ਦੇ flow ਨੂੰ ਠੀਕ ਢੰਗ ਨਾਲ ਕਾਇਮ ਰੱਖਣ ਦੇ ਢੰਗ ਤਰੀਕਿਆਂ ਦੀ ਸਿੱਖਿਆ ਦਿੱਤੀ ਹੈ। ਉਹ ਆਪ ਭੀ ਬਗੈਰ ਕਿਸੀ ਦਵਾਈ ਦੇ, ਸੂਖਸ਼ਮ ਸਰੀਰ ਦੀ Energy ਦੇ flow ਨੂੰ ਠੀਕ ਕਰਕੇ ਲੋਕਾਂ ਦਾ ਇਲਾਜ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਆਉਣ ਵਾਲੇ ਕਿਸੀ ਸਮੇਂ ਜਦੋਂ ਆਮ ਲੋਕਾਂ ਨੂੰ ਇਸ ਦੀ ਜਾਣਕਾਰੀ ਹੋ ਗਈ ਤਾਂ ਮੈਡੀਕਲ ਸਾਇੰਸ ਵਿੱਚ ਇਕ ਇਨਕਲਾਬ (Revolution) ਆ ਜਾਏਗਾ, ਅਗੋਂ ਲਈ ਬਗੈਰ ਕਿਸੀ ਦਵਾਈ ਦੀ ਵਰਤੋਂ ਦੇ, ਸੂਖਸ਼ਮ ਸਰੀਰ ਦੇ Energy flow ਨੂੰ ਹੀ ਦਰੁਸਤ ਕਰਕੇ ਇਲਾਜ ਹੋਇਆ ਕਰਨਗੇ।

# ਗੁਰੂ ਤੇਗ ਬਹਾਦਰ ਜੀ ਦੀ ਲਾਮਿਸਾਲ ਸ਼ਹੀਦੀ

*[ਭਾਈ ਮਹਿੰਦਰ ਸਿੰਘ ਜੀ]*

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।***
***ਸਾਧਨ ਹੇਤਿ ਇਤੀ ਜਿਨਿ ਕਰੀ।***
***ਸੀਸੁ ਦੀਆ ਪਰ ਸੀ ਨ ਉਚਰੀ।੧੩।***
***ਧਰਮ ਹੇਤਿ ਸਾਕਾ ਜਿਨਿ ਕੀਆ।***
***ਸੀਸੁ ਦੀਆ ਪਰ ਸਿਰਰੁ ਨ ਦੀਆ।***
***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ॥੧੪॥ (ਬਚਿੱਤ੍ਰ ਨਾਟਕ)***

ਉਕਤ ਸਤਰਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਮਹਾਨਤਾ ਬਿਆਨਦੀਆਂ ਹਨ ਕਿ ਗੁਰੂ ਤੇਗ ਬਹਾਦਰ ਜੀ ਵਰਗੀ ਸ਼ਹੀਦੀ ਸੰਸਾਰ ਦੇ ਇਤਿਹਾਸ ਵਿੱਚ ਹੋਰ ਕਦੇ ਨਹੀਂ ਹੋਈ। ਤਿਲਕ ਤੇ ਜੰਞੂ ਦੀ ਖ਼ਾਤਰ, ਇੱਕ ਢਾਲ ਬਣ ਕੇ ਗੁਰੂ ਜੀ ਨੇ ਆਪਣੀ ਕੁਰਬਾਨੀ ਦਿੱਤੀ। ਗੁਰੂ ਤੇਗ ਬਹਾਦਰ ਜੀ ਇਕੋ ਇਕ ਸਖਸ਼ੀਅਤ ਸਨ ਜੋ ਧਰਮ ਦੀ ਰੱਖਿਆ ਖ਼ਾਤਰ ਵੱਧ ਤੋਂ ਵੱਧ ਯੋਗਤਾ ਦੇ ਮਾਲਕ ਸਨ। ਉਹਨਾਂ ਦੀ ਇਸ ਸਖਸ਼ੀਅਤ ਦਾ ਵਰਨਣ ਇਸ ਤੁਕ ਰਾਹੀਂ ਹੋ ਸਕਦਾ ਹੈ, ਜੋ ਉਹਨਾਂ ਦੀ ਆਪਣੀ ਹੀ ਰਚਨਾ ਹੈ -

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ ਅੰਗ - ੬੩੩***

ਇਸ ਬ੍ਰਹਮ ਅਵਸਥਾ ਦੇ ਧਾਰਨੀ ਗੁਰੂ ਤੇਗ ਬਹਾਦਰ ਜੀ ਨੇ ਅਡੋਲ ਆਤਮਕ ਅਵਸਥਾ ਦਾ ਅਮਲੀ ਚਮਤਕਾਰ ਸ਼ਹੀਦੀ ਸਮੇਂ ਪ੍ਰਗਟ ਕਰ ਵਿਖਾਇਆ। ਪ੍ਰਮਾਤਮਾ ਦੇ ਅਟੱਲ ਹੁਕਮ ਸਾਹਮਣੇ ਉਹ ਠੰਡੇ, ਸ਼ਾਂਤ ਚਿੱਤ ਤੇ ਅਡੋਲ ਰਹੇ ਅਤੇ ਭਾਣਾ ਮੰਨਣ ਦੀ ਐਸੀ ਖੇਡ ਵਰਤਾਈ ਜੋ ਕਿ ਸੰਸਾਰ ਲਈ ਅਦੁੱਤੀ ਹੋ ਨਿੱਬੜੀ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਲੰਮੇ ਸਫ਼ਰ ਦਾ ਤਜ਼ਰਬਾ ਕਰਨ ਵਾਲੇ ਗੁਰੂ ਤੇਗ ਬਹਾਦਰ ਜੀ ਹੀ ਸਨ। ਤਿਆਗ ਦੀ ਮੂਰਤ, ਤੇਗ ਦੇ ਧਨੀ, ਸ਼ਾਂਤ ਚਿੱਤ, ਅਡੋਲ ਆਤਮਕ ਮੰਡਲਾਂ ਦੇ ਅਨੰਦ ਭੋਗਣਹਾਰ, ਦਇਆ, ਖਿਮਾ, ਗਰੀਬੀ ਵਰਗੇ ਦੈਵੀ ਗੁਣਾਂ ਨਾਲ ਭਰਪੂਰ ਗੁਰੂ ਜੀ ਨੇ ਸਾਰੀ ਉਮਰ ਸਿੱਖੀ ਪ੍ਰਚਾਰ ਹਿੱਤ ਅਤੇ ਅੰਤ ਸ਼ਹੀਦੀ ਹਿੰਦੂ ਧਰਮ ਦੀ ਖ਼ਾਤਰ ਦਿੱਤੀ। ਇਸੇ ਲਈ 'ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ' ਦਾ ਅਖਾਣ ਮਕਬੂਲ ਹੈ।

ਸੰਨ ੧੬੬੯ ਈ: 'ਚ ਔਰੰਗਜ਼ੇਬ ਨੇ ਆਪਣੀ ਕੱਟੜ ਸ਼ਰਈ ਨੀਤੀ ਮੁਤਾਬਿਕ ਇਹ ਹੁਕਮ ਜਾਰੀ ਕੀਤੇ ਹੋਏ ਸਨ ਕਿ ਹਿੰਦੂਆਂ ਦੇ ਮੰਦਰ, ਧਰਮਸ਼ਾਲਾ ਤੇ ਪਾਠਸ਼ਾਲਾਵਾਂ ਢਾਹ ਦਿੱਤੀਆਂ ਜਾਣ। ਹਿੰਦੂਆਂ ਉੱਪਰ ਕਰੜੇ ਟੈਕਸ ਲਾਗੂ ਕੀਤੇ ਗਏ ਸਨ। ਔਰੰਗਜ਼ੇਬੀ ਜ਼ੁਲਮਾਂ ਨੇ ਹਿੰਦੂਆਂ ਨੂੰ ਗੁਲਾਮ ਜੀਵਨ ਦਾ ਪੂਰੀ ਤਰ੍ਹਾਂ ਅਹਿਸਾਸ ਕਰਵਾ ਰੱਖਿਆ ਸੀ। ਸਰਕਾਰੀ ਨੌਕਰੀ, ਘੋੜਸਵਾਰੀ, ਕੀਮਤੀ ਵਸਤਰ ਪਹਿਨਣ, ਚੰਗੀ ਔਰਤ, ਚੰਗੇ ਖਾਣੇ ਅਤੇ ਚੰਗੇ ਮਕਾਨ ਬਨਾਉਣ ਉਪਰ ਪੂਰਨ ਪਾਬੰਦੀ ਲਾਗੂ ਸੀ। ਕਸ਼ਮੀਰੀ ਪੰਡਤਾਂ ਦੀ ਵਿਦਿਅਕ ਯੋਗਤਾ ਪਰਖਦਿਆਂ ਉਸਨੇ ਪਹਿਲਾਂ ਕਸ਼ਮੀਰੀ ਪੰਡਤਾਂ ਨੂੰ ਹਿੰਦੂਆਂ ਤੋਂ ਮੁਸਲਮਾਨੀ ਮੱਤ ਦਾ ਧਾਰਨੀ ਬਨਾਉਣ ਦਾ ਫੈਸਲਾ ਕਰ ਲਿਆ। ਕਸ਼ਮੀਰੀ ਪੰਡਤਾਂ ਉੱਪਰ ਕਹਿਰ ਢਾਹੁਣਾ ਆਰੰਭ ਦਿੱਤਾ ਅਤੇ ਕਸ਼ਮੀਰੀ ਸਭਿਆਚਾਰ ਦਾ ਗਲਾ ਘੁੱਟਣ ਲਈ ਅੱਡੀ ਚੋਟੀ ਦਾ ਤਾਣ ਲਾਇਆ। ਉਸ ਵਕਤ ਕਸ਼ਮੀਰ ਵਿੱਚ ਹਿੰਦੂ ਸੱਭਿਆਚਾਰ ਭਾਰੂ ਸੀ। ਕਿਹਾ ਜਾਂਦਾ ਹੈ ਕਿ ਹਰ ਰੋਜ਼ ਤਕਰੀਬਨ ਸਵਾ ਮਣ ਜੰਞੂ ਲਾਹ ਕੇ ਔਰੰਗਜ਼ੇਬ ਰੋਟੀ ਖਾਂਦਾ ਹੁੰਦਾ ਸੀ। ਇਸ ਖਤਰਨਾਕ ਹੱਦ ਤੱਕ ਗਿਰ ਚੁੱਕੇ ਹਾਲਾਤ ਨੇ ਕਸ਼ਮੀਰੀ ਪੰਡਤਾਂ ਨੂੰ ਦੇਵੀ-ਦੇਵਤਿਆਂ ਪਾਸ ਸਪੈਸ਼ਲ ਬੇਨਤੀਆਂ ਕਰਨ ਤੇ ਮਜ਼ਬੂਰ ਕਰ ਦਿੱਤਾ। ਖੁਫ਼ੀਆਂ ਰਿਪੋਰਟਾਂ ਰਾਹੀਂ ਪੰਡਤਾਂ ਦੀਆਂ 'ਸਪੈਸ਼ਲ ਬੇਨਤੀਆਂ' ਦੀ ਸੂਚਨਾ ਔਰੰਗਜ਼ੇਬ ਦੇ ਕੰਨਾਂ ਤੱਕ ਪਹੁੰਚ ਗਈ। ਉਸਨੇ ਮੰਦਰ, ਸ਼ਿਵਾਲੇ, ਧਰਮਸ਼ਾਲੇ ਆਦਿਕ ਵੱਡੀ ਪੱਧਰ ਉੱਪਰ ਢਾਹੁਣ ਦਾ ਹੁਕਮ ਦੇ ਦਿੱਤਾ। ਹੁਕਮਾਂ ਦੀ ਤਾਮੀਲ ਹੋਣ ਨਾਲ ਖੌਫ਼ਜ਼ਦਾ ਹੋਏ ਕਸ਼ਮੀਰੀ ਪੰਡਤ, ਦੇਵੀ ਦੇਵਤਿਆਂ ਤੋਂ ਗੁਰੂ ਤੇਗ ਬਹਾਦਰ ਜੀ ਦੇ ਧਰਮ ਰੱਖਿਅਕ ਹੋਣ ਦੀ ਖ਼ਬਰ ਲੈ ਕੇ, ਅਨੰਦਪੁਰ ਸਾਹਿਬ ਪੰਡਤ ਕਿਰਪਾ

ਰਾਮ ਦੀ ਅਗਵਾਈ 'ਚ ਆ ਪਹੁੰਚੇ।

ਕਸ਼ਮੀਰੀ ਪੰਡਤਾਂ ਨੇ ਆਪਣੀ ਦੁੱਖਾਂ ਭਰੀ ਕਹਾਣੀ ਰੋਂਦੇ-ਕੁਰਲਾਂਦੇ ਗੁਰੂ ਤੇਗ ਬਹਾਦਰ ਜੀ ਨੂੰ ਸੁਣਾਈ ਅਤੇ ਰੱਖਿਆ ਕਰਨ ਦੀ ਬੇਨਤੀ ਕੀਤੀ। ਬਾਲਕ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਦੀ ਦ੍ਰਿੜ੍ਹਤਾਪੂਰਨ ਪ੍ਰੇਰਣਾ ਨਾਲ ਗੁਰੂ ਤੇਗ ਬਹਾਦਰ ਜੀ ਨੇ ਪੰਡਤਾਂ ਨੂੰ ਇਹ ਕਹਿ ਕੇ ਤੋਰ ਦਿੱਤਾ, 'ਜਾਉ ਸੂਬੇਦਾਰ ਨੂੰ ਕਹਿ ਦਿਉ, ਸਾਡੇ ਆਗੂ ਗੁਰੂ ਤੇਗ ਬਹਾਦਰ ਜੀ ਹਨ। ਜੇ ਉਹ ਮੁਸਲਮਾਨ ਬਣ ਜਾਣ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ।' ਪੰਡਤਾਂ ਨੇ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਨੂੰ ਜਾ ਕੇ ਕਹਿ ਦਿੱਤਾ ਅਤੇ ਸ਼ੇਰ ਅਫ਼ਗਾਨ ਨੇ ਸਾਰੀ ਗੱਲ ਔਰੰਗਜ਼ੇਬ ਨੂੰ ਜਾ ਦੱਸੀ। ਔਰੰਗਜ਼ੇਬ ਦੀ ਹਿੱਕ ਤੇ ਮੂੰਗ ਦਲੀ ਗਈ ਕਿਉਂਕਿ ਉਹ ਗੁਰੂ ਜੀ ਦੇ ਵਧਦੇ ਪਰਤਾਪ ਅਤੇ ਸਿੱਖੀ ਪ੍ਰਚਾਰ ਤੋਂ ਬਹੁਤ ਦੁਖੀ ਸੀ। ਇਸ ਲਈ ਉਸਨੇ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਸਖ਼ਤ ਹੁਕਮ ਜਾਰੀ ਕਰ ਦਿੱਤਾ।

ਗੁਰੂ ਜੀ ਨੇ 'ਨਾ ਡਰੋ, ਨਾ ਡਰਾਉ' ਦੇ ਮਿਸ਼ਨ ਦੇ ਪ੍ਰਚਾਰ ਅਤੇ ਕੁਰਬਾਨੀ ਦੇਣ ਲਈ, ਆਪਣੇ ਅਜ਼ੀਜ਼ ਨੂੰ ਗੁਰਗੱਦੀ ਦੇ ਯੋਗ ਸਮਝਦਿਆਂ ਗੱਦੀ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਸਪੁਰਦ ਕਰ ਕੇ ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ। ਰਾਹ ਵਿੱਚ ਹਜ਼ਾਰਾਂ ਲੋਕ ਗੁਰ ਉਪਦੇਸ਼ ਨੂੰ ਸੁਣ ਕੇ ਗੁਰੂ ਜੀ ਨਾਲ ਹੀ ਹੋ ਤੁਰੇ। ਖੁਫ਼ੀਆ ਏਜੰਸੀਆਂ ਨੇ ਖ਼ਬਰ ਪਹੁੰਚਾਈ ਕਿ ਗੁਰੂ ਜੀ ਤਾ ਹਜ਼ਾਰਾਂ ਲੋਕਾਂ ਨਾਲ ਦਿੱਲੀ ਵੱਲ ਨੂੰ ਆ ਰਹੇ ਹਨ। ਹੋ ਸਕਦਾ ਹੈ ਕੋਈ ਹਮਲਾ ਕਰਨ ਦੀ ਹੀ ਨੀਤੀ ਨਾ ਹੋਵੇ। ਰਾਵਲਪਿੰਡੀ ਰਵਾਨਾ ਹੋਣ ਤੋਂ ਪਹਿਲਾਂ ਔਰੰਗਜ਼ੇਬ ਨੇ ਆਪਣੇ ਮੰਤਰੀਆਂ, ਅਹਿਲਕਾਰਾਂ ਅਤੇ ਫ਼ੌਜੀ ਜਰਨੈਲਾਂ ਨੂੰ ਹਦਾਇਤ ਕਰ ਦਿੱਤੀ ਕਿ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਉਪਰੰਤ ਮੁਸਲਮਾਨ ਬਨਾਉਣਾ ਹੈ। ਜੇ ਨਾ ਮੰਨਣ, ਤਾਂ ਤਸੀਹੇ ਦੇ ਕੇ ਖਤਮ ਕਰ ਦਿੱਤਾ ਜਾਵੇ। ਔਰੰਗਜ਼ੇਬੀ ਰਾਜ ਦੀ ਵਫਾਦਾਰ ਫ਼ੌਜ ਨੇ ਆਗਰੇ ਸ਼ਹਿਰ 'ਚ ਗੁਰੂ ਜੀ ਨੂੰ ਸੰਗਤ ਸਮੇਤ ਘੇਰ ਲਿਆ। ਗੁਰੂ ਜੀ ਨੇ ਸਾਰੀ ਸੰਗਤ ਨੂੰ ਵਾਪਸ ਮੋੜ ਦਿੱਤਾ ਅਤੇ ਖੁਦ ਆਪਣੇ ਆਪ ਨੂੰ ਅਤੇ ਪੰਜ ਸਿੱਖਾਂ ਭਾਈ ਮਤੀਦਾਸ, ਭਾਈ ਗੁਰਦਿਤਾ, ਭਾਈ ਦਿਆਲਾ, ਭਾਈ ਊਦਾ ਤੇ ਭਾਈ ਸਤੀਦਾਸ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ।

ਗੁਰੂ ਜੀ ਅਤੇ ਪੰਜ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ੫੦੦ ਘੋੜਸਵਾਰਾਂ ਦੀ ਸਖ਼ਤ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਉਸ ਵਕਤ ਔਰੰਗਜ਼ੇਬ ਦਿੱਲੀ ਵਿੱਚ ਨਹੀਂ ਸੀ। ਪਹਿਲਾਂ ਦਿੱਲੀ ਵਿੱਚ ਜਾਮਾ ਮਸਜਿਦ ਨੇੜੇ ਇੱਕ ਖੰਡਰਨੁਮਾ ਇਮਾਰਤ 'ਚ ਰਖਿਆ ਗਿਆ। ਸਰਕਾਰੀ ਨੀਤੀ ਅਨੁਸਾਰ ਕਾਜ਼ੀ ਨੇ ਇਸਲਾਮ ਕਬੂਲਣ ਜਾਂ ਕਰਾਮਾਤ ਦਿਖਾਉਣ ਉੱਪਰ ਜ਼ੋਰ ਦਿੱਤਾ। ਗੁਰੂ ਜੀ ਨੇ ਸਪੱਸ਼ਟ ਨਾਹ ਕਰ ਦਿੱਤੀ। ਬਾਅਦ 'ਚ ਗੁਰੂ ਜੀ ਨੂੰ ਚਾਂਦਨੀ ਚੌਕ ਦੇ ਥਾਣੇ ਦੀ ਇਮਾਰਤ ਵਿੱਚ ਲਿਆ ਕੇ ਸਰੀਰਕ ਤਸੀਹੇ ਦਿੱਤੇ ਗਏ। ਪੈਰਾਂ 'ਚ ਬੇੜੀਆਂ, ਹੱਥਾਂ 'ਚ ਹੱਥਕੜੀਆਂ ਲਾ ਕੇ ਤੰਗ ਪਿੰਜਰੇ 'ਚ ਬੰਦ ਕਰ ਦਿੱਤਾ। ਗੁਰੂ ਜੀ ਅਡੋਲ ਅਕਾਲਪੁਰਖੀ ਅਨੰਦਾਂ 'ਚ ਭਾਣਾ ਮੰਨਣ ਦੇ ਸਿਧਾਂਤ ਨੂੰ ਅਮਲ 'ਚ ਲਿਆ ਰਹੇ ਸਨ। ਗੁਰੂ ਜੀ ਦੀ ਦ੍ਰਿੜ੍ਹਤਾ ਵੇਖ ਕੇ ਹਾਕਮਾਂ ਨੇ ਗੁਰੂ ਜੀ ਨਾਲ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਵਾਰੋ-ਵਾਰੀ ਤਸੀਹੇ ਦੇਣ ਦਾ ਫ਼ੈਸਲਾ ਕੀਤਾ। ਹਾਕਮਾਂ ਦੇ ਫ਼ੈਸਲੇ ਮੁਤਾਬਿਕ ਪਹਿਲਾਂ ਭਾਈ ਮਤੀਦਾਸ ਨੂੰ ਸ਼ਹੀਦ ਕਰਨ ਲਈ ਪ੍ਰੋਗਰਾਮ ਬਣਾਇਆ। ਭਾਈ ਮਤੀਦਾਸ ਜੀ ਨੂੰ ਆਰੇ ਨਾਲ ਦੋਫਾੜ ਕਰ ਕੇ ਸ਼ਹੀਦ ਕੀਤਾ ਜਾਣਾ ਸੀ। ਮਿਥੇ ਪ੍ਰੋਗਰਾਮ ਅਨੁਸਾਰ ਆਰਾ ਲਿਆ ਕੇ ਭਾਈ ਮਤੀਦਾਸ ਦੇ ਸਿਰ ਉੱਪਰ ਰੱਖ ਕੇ ਉਹੋ ਗੱਲ ਦੁਹਰਾਈ ਗਈ, ਇਸਲਾਮ ਕਬੂਲੇ ਜਾਂ ਮੌਤ ਕਬੂਲੋ। ਕੈਦਖਾਨੇ ਤੋਂ ਕੱਢ ਕੇ ਚਾਂਦਨੀ ਚੌਂਕ 'ਚ ਭਾਈ ਮਤੀਦਾਸ ਨੂੰ ਹਜ਼ਾਰਾਂ ਲੋਕਾਂ ਦੀ ਮੌਜੂਦਗੀ 'ਚ ਬਿਠਾ ਕੇ ਕਈ ਹੋਰ ਲਾਲਚ ਵੀ ਦਿੱਤੇ। ਭਾਈ ਸਾਹਿਬ ਨੇ ਠੁਕਰਾ ਦਿੱਤੇ। ਭਾਈ ਮਤੀਦਾਸ ਨੂੰ ਆਖ਼ਰੀ ਇੱਛਾ ਪੁੱਛੇ ਜਾਣ ਤੇ ਉਨ੍ਹਾਂ ਦਾ ਜੁਆਬ ਸੀ ਕਿ ਆਰਾ ਚਲਣ ਮੌਕੇ ਮੇਰਾ ਮੂੰਹ ਗੁਰੂ ਜੀ ਦੇ ਵੱਲ ਹੋਵੇ। ਆਰਾ ਚੱਲਣਾ ਸ਼ੁਰੂ ਹੋ ਗਿਆ ਅਤੇ ਭਾਈ ਮਤੀਦਾਸ ਅਡੋਲ ਜਪੁਜੀ ਸਾਹਿਬ ਦਾ ਪਾਠ ਕਰਦੇ ਗਏ। ਸਰੀਰ ਦੋਫ਼ਾੜ ਹੋਣ ਮੌਕੇ ਭਾਈ ਮਤੀਦਾਸ ਦੇ ਸਰੀਰ 'ਚੋਂ ਆਵਾਜ਼ ਆਈ –

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥***

***(ਜਪੁਜੀ ਸਾਹਿਬ)***

ਵੇਖਣ ਵਾਲਿਆਂ ਦੇ ਰੌਂਗਟੇ ਖੜ੍ਹੇ ਹੋ ਗਏ। ਖੂਨ ਦਾ ਛੱਪੜ ਬਣਿਆ ਪਿਆ ਸੀ। ਇਹ ਸਾਰਾ ਦੁਖਦਾਈ ਵਰਤਾਰਾ ਗੁਰੂ ਤੇਗ ਬਹਾਦਰ ਜੀ ਦੀਆਂ ਅੱਖਾਂ ਸਾਹਮਣੇ ਵਰਤਾਇਆ ਗਿਆ ਤਾਂ ਜੋ ਉਨ੍ਹਾਂ ਨੂੰ ਸਿਦਕ ਤੋਂ ਡੁਲਾਇਆ ਜਾ ਸਕੇ।

ਅਗਲੇ ਦਿਨ ਭਾਈ ਦਿਆਲਾ ਜੀ ਨੂੰ ਜੇਲ੍ਹ ਦੀ ਕੋਠੜੀ ਵਿੱਚੋਂ ਬਾਹਰ ਕੱਢਣ ਤੋਂ ਪਹਿਲਾਂ ਹੀ ਦੇਗ ਵਿੱਚ ਉਬਾਲਣ ਦਾ ਫ਼ੈਸਲਾ, ਅਹਿਲਕਾਰਾਂ ਨੇ ਕਰ ਲਿਆ ਸੀ। ਅਹਿਲਕਾਰਾਂ ਨੂੰ ਇਹ ਭੁਲੇਖਾ ਸੀ ਕਿ ਸ਼ਾਇਦ ਭਾਈ ਮਤੀਦਾਸ ਦੀ ਸ਼ਹੀਦੀ ਤੋਂ ਡਰਕੇ ਭਾਈ ਦਿਆਲਾ ਇਸਲਾਮ ਕਬੂਲ ਕਰ

ਲਵੇਗਾ ਪਰ ਭਾਈ ਸਾਹਿਬ ਦੇ ਕੜਕਵੇਂ ਜਵਾਬ ਸੁਣ ਕੇ ਹਾਕਮ ਸਮਝ ਗਏ ਕਿ ਇਹਨਾਂ ਨਹੀਂ ਮੰਨਣਾ। ਦੇਗ ਵਿੱਚ ਪਾਣੀ ਪਾ ਕੇ ਅੱਗ ਉੱਪਰ ਰੱਖਿਆ ਹੋਇਆ ਸੀ, ਜਦ ਉਬਲਣ ਲੱਗਿਆ ਤਾਂ ਭਾਈ ਦਿਆਲਾ ਜੀ ਨੂੰ ਕੋਲ ਲਿਜਾ ਕੇ ਖੜ੍ਹਾ ਕਰ ਦਿੱਤਾ ਗਿਆ। ਸਤਿਗੁਰੂ ਨੂੰ ਨਮਸਕਾਰ ਕਰਕੇ ਭਾਈ ਦਿਆਲਾ ਜੀ ਉਬਲਦੇ ਪਾਣੀ 'ਚ ਬੈਠ ਗਏ। ਪਾਣੀ ਦੀ ਪੌਣੀ ਭਰੀ ਦੇਗ ਦਾ ਪਾਣੀ ਗਲ-ਗਲ ਤੱਕ ਆ ਗਿਆ। ਭਾਈ ਸਾਹਿਬ ਨੇ ਪਾਠ ਅਰੰਭ ਕਰ ਲਿਆ। ਸਿਦਕੀ ਸਿੱਖ ਦਾ ਸਰੀਰ ਪਾਣੀ ਵਿਚ ਉਬਲ ਰਿਹਾ ਸੀ ਪਰ ਬਿਰਤੀ ਪੂਰੀ ਟਿਕਾਉ ਵਿੱਚ ਸੀ। ਝਟ ਪਿਛੋਂ ਸਰੀਰ ਗਲ ਗਿਆ ਅਤੇ ਅੰਗ ਵੱਖਰੇ-ਵੱਖਰੇ ਹੋ ਗਏ। ਭਾਈ ਸਾਹਿਬ ਸ਼ਹੀਦੀ ਪਾ ਗਏ, ਪਰ ਇਸ ਦ੍ਰਿੜ੍ਹਤਾ ਨੂੰ ਦੇਖ ਕੇ ਹਾਕਮ ਵੀ ਕੰਬ ਗਏ। ਇਹ ਵਰਤਾਰਾ ਵੀ ਗੁਰੂ ਤੇਗ ਬਹਾਦਰ ਜੀ ਸਾਹਮਣੇ ਵਰਤਾਇਆ ਗਿਆ ਤਾਂ ਜੋ ਉਨ੍ਹਾਂ 'ਤੇ ਬੇਤੁਕਾ ਪ੍ਰਭਾਵ ਪਾਇਆ ਜਾ ਸਕੇ।

ਤੀਜੇ ਦਿਨ ਗੁਰੂ ਜੀ ਦੇ ਇਕ ਹੋਰ ਨਜ਼ਦੀਕੀ ਸਿੱਖ ਭਾਈ ਸਤੀਦਾਸ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦੀ ਵਿਉਂਤ ਅਮਲ ਵਿਚ ਲਿਆਉਣ ਲਈ ਤਿਆਰੀ ਕੀਤੀ ਗਈ ਚਾਂਦਨੀ ਚੌਂਕ ਫੁਹਾਰੇ ਵਾਲੀ ਜਗ੍ਹਾ ਤੇ ਰੂੰ 'ਚ ਲਪੇਟ ਕੇ ਲੋਹੇ ਦੇ ਥੰਮ ਨਾਲ ਬੰਨ੍ਹ ਕੇ ਸਾੜਨ ਦੀ ਸਕੀਮ ਅਨੁਸਾਰ, ਭਾਈ ਸਤੀਦਾਸ ਨੂੰ ਉਕਤ ਤਰਕੀਬ ਮੁਤਾਬਕ ਤੇਲ ਛਿੜਕ ਕੇ ਅੱਗ ਲਾ ਦਿੱਤੀ ਗਈ। ਗੁਰੂ ਜੀ ਦੇ ਪਿੰਜਰੇ ਸਾਹਮਣੇ ਮੁੱਖ 'ਚ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦਾ ਸਿਮਰਨ ਕਰਦੇ ਹੋਏ ਭਾਈ ਸਤੀਦਾਸ ਜਿਉਂਦੇ ਹੀ ਸੜ ਕੇ ਸ਼ਹੀਦ ਹੋ ਗਏ। ਭਾਈ ਸਤੀਦਾਸ ਦੀ ਸ਼ਹਾਦਤ ਤੋਂ ਗੁਰੂ ਤੇਗ ਬਹਾਦਰ ਜੀ ਦੇ ਡੋਲ ਜਾਣ ਦਾ ਅੰਦਾਜ਼ਾ ਵੀ ਗਲਤ ਨਿਕਲਿਆ।

ਫਿਰ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਫੈਸਲਾ ਕੀਤਾ ਗਿਆ। ਪਿੰਜਰੇ 'ਚੋਂ ਬਾਹਰ ਕੱਢ ਕੇ ਮੁੜ ਉਹੀ ਗੱਲ ਦੁਹਰਾਈ ਗਈ, ਇਸਲਾਮ ਕਬੂਲੋ ਜਾਂ ਮੌਤ। ਗੁਰੂ ਜੀ ਨੇ ਇਸ਼ਨਾਨ ਕੀਤਾ। ਉਹ ਖੂਹ ਗੁ: ਸੀਸ ਗੰਜ ਸਾਹਿਬ ਵਿਖੇ ਅੱਜ ਵੀ ਮੌਜੂਦ ਹੈ, ਜਿਥੇ ਇਸ਼ਨਾਨ ਕੀਤਾ ਸੀ। ਉਪਰੰਤ ਇਕ ਬੋਹੜ ਹੇਠਾਂ ਆ ਕੇ ਬੈਠ ਗਏ। ਹਜ਼ਾਰਾਂ ਲੋਕਾਂ ਦੀ ਮੌਜੂਦਗੀ 'ਚ ਗੁਰੂ ਤੇਗ ਬਹਾਦਰ ਜੀ ਨੇ ਜਪੁਜੀ ਸਾਹਿਬ ਦਾ ਪਾਠ ਸੰਪੂਰਨ ਕੀਤਾ। ਵਾਹਿਗੁਰੂ ਗੁਰਮੰਤ੍ਰ ਦੀ ਅਖੰਡ ਧੁਨੀ ਅਰੰਭ ਹੋਣ ਸਾਰ ਹੀ ਉਨ੍ਹਾਂ ਸੀਸ ਝੁਕਾਇਆ ਅਤੇ ਸਮਾਣੇ ਦੇ ਜੱਲਾਦ ਨੇ, ਜੋ ਉਸ ਸਮੇਂ ਤਲਵਾਰ ਚੁੱਕੀ ਮਾਰਨ ਲਈ ਖੜ੍ਹਾ ਸੀ, ਨੇ ਵਾਰ ਕਰਕੇ ਸੀਸ ਧੜ ਤੋਂ ਵੱਖ ਕਰ ਦਿਤਾ। ਇਹ ਭਾਣਾ ਬਾਅਦ ਦੁਪਹਿਰ ਵਰਤਿਆ ਸੀ ਅਤੇ ਸ਼ਾਮ ਨੂੰ ਭਾਰੀ ਹਨ੍ਹੇਰੀ ਅਤੇ ਮੀਂਹ ਆ ਗਿਆ। ਹਾਕਮਾਂ ਦਾ ਐਲਾਨ ਸੀ ਕਿ ਕੋਈ ਗੁਰੂ ਜੀ ਦਾ ਸੀਸ ਨਹੀਂ ਉਠਾਏਗਾ। ਹਨ੍ਹੇਰੀ-ਮੀਂਹ ਦੌਰਾਨ ਭਾਈ ਜੈਤਾ ਜੀ ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸੀਸ ਚੁੱਕ ਕੇ, ਚਾਦਰ 'ਚ ਲਪੇਟ ਕੇ ਅਨੰਦਪੁਰ ਸਾਹਿਬ ਲੈ ਆਏ। ਉਪਰੰਤ ਲੱਖੀ ਸ਼ਾਹ ਵਣਜਾਰਾ ਹੁਸ਼ਿਆਰੀ ਅਤੇ ਦਲੇਰੀ ਨਾਲ ਮੀਂਹ ਪੈਂਦੇ 'ਚ ਹੀ ਧੜ ਗੱਡੇ 'ਚ ਲੱਦ ਕੇ ਘਰ ਲੈ ਗਿਆ ਅਤੇ ਸੁਵੱਖਤੇ ਹੀ ਧੜ ਨੂੰ ਆਪਣੇ ਘਰ ਸਮੇਤ ਅੱਗ ਲਾ ਦਿੱਤੀ ਤਾਂ ਜੋ ਹਕੂਮਤੀ ਕਹਿਰ ਤੋਂ ਬਚਿਆ ਜਾ ਸਕੇ। ਸੀਸ ਅਤੇ ਧੜ ਨੂੰ ਲਿਜਾਣ ਦੀਆਂ ਘਟਨਾਵਾਂ ਮੁਗਲ ਸਾਮਰਾਜ ਵਿੱਰੁਧ ਲੋਕ-ਰੋਹ ਦਾ ਪ੍ਰਗਟਾਵਾ ਸਨ। ਆਪਣੇ ਇਤਿਹਾਸਕ ਹਵਾਲਿਆਂ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੂੰ ੧੧ ਨਵੰਬਰ ੧੬੭੫ ਈ. ਨੂੰ ਸ਼ਹੀਦ ਕੀਤਾ ਗਿਆ ਸੀ ਅਤੇ ਉਹ ਥਾਂ ਜਿੱਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਅੱਜ ਗੁਰਦੁਆਰਾ ਸੀਸ ਗੰਜ ਸੁਸ਼ੋਭਿਤ ਹੈ। ਲੱਖੀ ਸ਼ਾਹ ਵਲੋਂ ਆਪਣੇ ਘਰ ਨੂੰ ਸਾੜਨ ਦਾ ਵਾਕਿਆ ਅੱਜਕਲ੍ਹ ਬਣੇ ਹੋਏ ਗੁਰਦੁਆਰਾ ਰਕਾਬ ਗੰਜ ਵਾਲੀ ਜਗ੍ਹਾ ਹੋਇਆ ਸੀ। ਜਿਸ ਤਰੀਕੇ ਨਾਲ ਗੁਰੂ ਤੇਗ ਬਹਾਦਰ ਜੀ ਅਤੇ ਨਿਕਟਵਰਤੀ ਸਿੱਖਾਂ ਨੇ ਦੂਜੇ ਦੇ ਧਰਮ ਲਈ ਆਪਾ ਨਿਛਾਵਰ ਕੀਤਾ, ਇਸ ਦੀ ਮਿਸਾਲ ਸੰਸਾਰ ਦੇ ਕਿਸੇ ਵੀ ਇਤਿਹਾਸ 'ਚੋਂ ਮਿਲਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਗੁਰੂ ਜੀ ਦੀ ਖੁਸ਼ੀ ਲੈਣ ਖਾਤਰ ਆਰੇ ਨਾਲ ਚਿਰ ਜਾਣਾ ਪ੍ਰਵਾਨ ਕਰ ਲਿਆ, ਦੇਗਾਂ 'ਚ ਉਬਲਣਾ ਮੰਨਜ਼ੂਰ ਕਰ ਲਿਆ, ਜਿਉਂਦੇ ਸੜ ਜਾਣਾ ਕਬੂਲ ਕਰ ਲਿਆ। ਸੱਚਮੁੱਚ! ਹੈਰਾਨੀਜਨਕ ਅਦੁੱਤੀ ਕੁਰਬਾਨੀ ਹੈ। ਫੇਰ ਗੁਰੂ ਜੀ ਦੀ ਖੁਸ਼ੀ ਲੈਣ ਹਿੱਤ ਹੀ ਲੱਖੀ ਸ਼ਾਹ ਵਣਜਾਰੇ ਨੇ ਆਪਣਾ ਘਰ ਹੀ ਸਾੜ ਦਿੱਤਾ। ਉਸਦੀ ਇਹ ਭਾਵਨਾ ਸੀ ਕਿ ਘਰ ਤਾਂ ਫੇਰ ਵੀ ਬਣ ਜਾਵੇਗਾ, ਨਾ ਵੀ ਬਣੇ ਤਾਂ ਵੀ ਕੋਈ ਗ਼ਮ ਨਹੀਂ ਪਰ ਸਤਿਗੁਰਾਂ ਦੇ ਧੜ ਦੀ ਬੇਅਦਬੀ ਨਾ ਹੋਵੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪੁਕਾਰ-ਪੁਕਾਰ ਕੇ ਏਹੋ ਦ੍ਰਿੜ੍ਹ ਕਰਾਉਂਦੀ ਹੈ ਕਿ -

*ਬਾਹਿ ਜਿਨ੍ਹਾਂ ਦੀ ਪਕੜੀਏ*
*ਸਿਰ ਦੀਜੈ ਬਾਹਿ ਨ ਛੋੜੀਐ॥*
*ਗੁਰ ਤੇਗ ਬਹਾਦਰ ਬੋਲਿਆ*
*ਧਰ ਪਈਏ ਧਰਮ ਨ ਛੋੜੀਐ॥* *(ਕੇਸੋ ਭੱਟ)*

# ਅਮਰ ਸ਼ਹਾਦਤ

*[ਪ੍ਰਿੰਸੀਪਲ ਸੱਜਣ ਸਿੰਘ ਜੀ]*

ਪਰਉਪਕਾਰ ਇਕ ਮਹਾਨ ਦੈਵੀ ਗੁਣ ਹੈ, ਰੱਬੀ ਬਖਸ਼ਸ਼ ਹੈ। ਜਿਹੜਾ ਇਨਸਾਨ ਸਾਰੇ ਸੰਸਾਰ ਨੂੰ ਆਪਣਾ ਪਰਵਾਰ ਸਮਝਦਾ ਹੈ, ਤੇ ਆਪਣੀ ਲੋੜ, ਆਪਣੀ ਮੰਗ ਤੋਂ ਉੱਚਾ ਉੱਠ ਕੇ ਦੂਸਰੇ ਦੀ ਭਲਾਈ ਲਈ ਜਿਉਂਦਾ-ਮਰਦਾ ਹੈ, ਉਹੀ ਪਰਉਪਕਾਰੀ ਕਹਾਉਣ ਦਾ ਅਧਿਕਾਰੀ ਹੈ। ਉਹ ਦਾਤਾ ਹੈ, ਮੰਗਤਾ ਨਹੀਂ, ਉਹ ਲੈਂਦਾ ਹੈ ਦਾਤਾਰ ਪਿਤਾ ਤੋਂ ਤੇ ਦਿੰਦਾ ਹੈ ਲੋੜਵੰਦ ਦੁਖੀਆਂ ਨੂੰ। ਉਸ ਦਾ ਮਨ ਖ਼ਾਲਕ ਦੇ ਚਰਨਾਂ ਵਿੱਚ, ਤਨ ਤੇ ਧਨ ਖ਼ਲਕਤ ਦੀ ਸੇਵਾ ਲਈ ਤੱਤਪਰ ਰਹਿੰਦਾ ਹੈ। ਸੰਸਾਰੀ ਤੇ ਅਗਿਆਨੀ ਪੁਰਸ਼ ਉੱਚ ਪਾਇ ਦੀ ਕੁਰਬਾਨੀ ਦੇ ਲਾਇਕ ਨਹੀਂ, ਇਹ ਕੇਵਲ ਬ੍ਰਹਮ ਗਿਆਨੀ ਨੂੰ ਫੱਬਦੀ ਹੈ, ਜਿਹੜਾ ਦੂਸਰੇ ਦੀ ਭਲਾਈ ਵਿੱਚ ਉਮਾਹ ਤੇ ਖੇੜੇ ਭਰੀ ਅਵਸਥਾ ਵਿੱਚ ਵਿਚਰਦਾ ਹੈ।

***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥੩੮॥***
***(ਸੁਖਮਨੀ ਸਾਹਿਬ)***

ਇਸ ਦੇ ਬਿਪਰੀਤ ਬੁਜ਼ਦਿਲ ਇਨਸਾਨ ਸਾਹਸਿਕ ਕੰਮ ਤੋਂ ਕੰਨੀ ਕਤਰਾਉਂਦਾ ਹੈ। ਉਹ ਕਥਨੀ ਵਿੱਚ ਭਾਵੇਂ ਸ਼ੇਰ ਹੋਵੇ ਪਰ ਕਰਨੀ ਵੇਲੇ ਪੂਰਾ ਨਹੀਂ ਉੱਤਰਦਾ। ਹੋ ਸਕਦਾ ਹੈ, ਉਹ ਕਿਸੇ ਹੱਦ ਤੱਕ ਧਨ ਕੁਰਬਾਨ ਕਰ ਸਕਦਾ ਹੋਵੇ, ਪਰ ਖ਼ਤਰੇ, ਸੰਕਟ ਤੇ ਜੋਖੋਂ ਭਰੇ ਕਾਰਜ ਕਰਨ ਦੀ ਉਸ ਵਿੱਚ ਸਮਰੱਥਾ ਨਹੀਂ ਹੁੰਦੀ। ਗੀਦੀ ਪੁਰਸ਼ ਤੋਂ ਆਪਾ ਵਾਰਨ ਦੀ ਆਸ਼ਾ ਰੱਖਣੀ ਨਿਰਮੂਲ ਹੈ। ਗੱਲਾਂ ਨਾਲ ਘਰ ਪੂਰਾ ਕਰਨ ਵਾਲੇ ਕਈ ਲੀਡਰ ਮੌਤ ਦੇ ਡਰ ਕਾਰਨ ਥਿੜਕਦੇ ਦੇਖੇ ਗਏ ਹਨ। ਐਸੇ ਡਰਪੋਕ ਜੀਵ ਮੌਤ ਦੇ ਪੰਜੇ ਤੋਂ ਨੱਸ ਕੇ ਬਚ ਨਹੀਂ ਸਕਦੇ, ਬਲਕਿ ਵਾਰ ਵਾਰ ਜੰਮਦੇ ਤੇ ਮ੍ਰਿਤੂ ਦਾ ਸ਼ਿਕਾਰ ਬਣਦੇ ਹਨ। ਗੁਰਮਤਿ ਵਿੱਚ ਪਰਵਾਨ ਸੂਰਾ ਕੋਈ ਵਿਰਲਾ ਜਨ ਹੈ, ਜਿਹੜਾ ਮੌਤ ਨੂੰ ਹੱਸ ਕੇ ਗਲਵੱਕੜੀ ਪਾਉਂਦਾ ਹੈ।

***ਜੋ ਸੂਰਾ ਤਿਸ ਹੀ ਹੋਇ ਮਰਣਾ॥***
***ਜੋ ਭਾਗੈ ਤਿਸੁ ਜੋਨੀ ਫਿਰਣਾ॥੭॥ ਅੰਗ - ੧੦੧੯***

ਸੂਰਮੇ ਦੀ ਮੌਤ ਨਹੀਂ, ਸਦੀਵੀ ਜ਼ਿੰਦਗੀ ਹੈ। ਨਿਰਭਉ ਕੇਵਲ ਨਿਰੰਕਾਰ ਹੈ, ਸੋ ਹਿਰਦੇ ਵਿੱਚ ਨਿਰਭਉ ਨਾਮ ਦੇ ਨਿਵਾਸ ਬਿਨਾਂ ਸੱਚੀ ਤੇ ਸੁੱਚੀ ਦਲੇਰੀ ਦਾ ਉਤਪੰਨ ਹੋਣਾ ਸੰਭਵ ਨਹੀਂ। ਇਤਿਹਾਸ ਸਾਖੀ ਹੈ ਕਿ ਨਿਧੜਕ ਸੂਰਮੇ ਦੀ ਰਹਿਬਰੀ ਤੋਂ ਹੀ ਸੂਰਬੀਰਾਂ ਦੀ ਲੜੀ ਤਿਆਰ ਹੁੰਦੀ ਹੈ। ਦੂਸਰੇ ਸ਼ਬਦਾਂ ਵਿੱਚ ਜਿਸ ਪ੍ਰਾਣੀ ਨੂੰ ਸੂਰਮਗਤੀ ਦੀ ਗੁੜ੍ਹਤੀ ਪ੍ਰਾਪਤ ਹੋਵੇ ਉਹੀ ਨਿਰਭੈਤਾ ਦੀ ਪਦਵੀ ਪਾਉਣ ਦੇ ਯੋਗ ਹੈ। ਗੁੜ੍ਹਤੀ, ਉਪਦੇਸ਼ ਜਾਂ ਪ੍ਰੇਰਨਾ ਤੇ ਆਧਾਰਿਤ ਨਹੀਂ, ਬਲਕਿ ਬੇਗਰਜ਼ ਆਪਾ ਵਾਰਨ, ਜਾਨ ਦੀ ਆਹੂਤੀ ਦੇਣ ਤੇ ਨਿਰਭਰ ਕਰਨੀ ਮੰਨੀ ਗਈ ਹੈ।

ਸਿੱਖ ਇਤਿਹਾਸ ਵਿੱਚ ਗੁਰੂ ਵਿਅਕਤੀ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦੂਸਰੀ ਬੇਮਿਸਾਲ ਸ਼ਹਾਦਤ ਸੀ, ਜਿਸ ਦੇ ਦ੍ਰਿਸ਼ ਨੂੰ ਸੁਰਤੀ ਦੁਆਰਾ ਅੱਖਾਂ ਸਾਹਮਣੇ ਰੱਖਦਿਆਂ, ਅਨਗਿਣਤ ਗੁਰਸਿੱਖ ਕੁਰਬਾਨੀ ਦੇਣ ਸਮੇਂ ਕਸ਼ਟ ਝੱਲਣ ਤੇ ਭਾਣਾ ਮਿੱਠਾ ਮੰਨਣ ਵਿੱਚ ਅਡੋਲ ਤੇ ਦ੍ਰਿੜ੍ਹ ਰਹੇ। ਦਾਦਿਆਂ ਦੇ ਬਾਅਦ ਪੋਤਿਆਂ ਦਾ ਇਹ ਦੂਸਰਾ ਸੰਘਰਸ਼ ਸੀ। ਜੇ ਔਰੰਗਜ਼ੇਬ ਨੂੰ ਜਹਾਂਗੀਰ ਦੇ ਬਾਦਸ਼ਾਹੀ ਫ਼ੁਰਮਾਨ ਤੇ ਘੁਮੰਡ ਸੀ ਤਾਂ ਏਧਰ ਨੌਵੇਂ ਪਾਤਸ਼ਾਹ ਨੂੰ ਆਪਣੇ ਦਾਦਾ ਸ੍ਰੀ ਗੁਰੂ ਅਰਜਨ ਦੇਵ ਦੇ ਅਦੁੱਤੀ ਬਲੀਦਾਨ ਤੇ ਮਾਣ ਸੀ, ਹਜ਼ੂਰ ਨੇ ਅਨਾਥਾਂ ਦੀ ਬਾਂਹ ਨਹੀਂ ਛੱਡੀ, ਆਪਣਾ ਬਚਨ ਪੂਰਾ ਨਿਭਾਇਆ, ਗੁਰੂ ਨਾਨਕ ਦੀ ਗੱਦੀ ਦੀ ਨਿਰਮਲ ਮਰਿਆਦਾ ਨੂੰ ਕਾਇਮ ਰੱਖਦਿਆਂ, ਆਪਣੇ ਸਾਥ, ਗੁਰਸਿੱਖਾਂ ਸਹਿਤ, ਚੜ੍ਹਦੀ ਕਲਾ ਦੀ ਅਵਸਥਾ ਵਿੱਚ ਆਪਣਾ ਸਰੀਰ ਰੂਪੀ ਭਾਂਡਾ ਦਿੱਲੀ ਦੇ ਬਾਦਸ਼ਾਹ ਦੇ ਸਿਰ ਫੋੜ ਕੇ ਆਦਰਸ਼ਕ ਸਾਕਾ ਇਤਿਹਾਸ ਦੇ ਪੰਨਿਆਂ ਨੂੰ ਸੌਂਪਿਆਂ।

ਔਰੰਗਜ਼ੇਬ ਦੀ ਰਾਜਨੀਤੀ ਦਾ ਪ੍ਰਮੁੱਖ ਮਨੋਰਥ, ਰਾਜਸੀ ਬਲ ਦੁਆਰਾ, ਹਿੰਦੂ ਸਭਿਅਤਾ, ਧਾਰਮਕ ਰੀਤਾਂ, ਮੰਦਰਾਂ, ਆਸ਼ਰਮਾਂ, ਵਿਦਿਆਲਿਆਂ ਤੇ ਹਿੰਦੂ ਜਾਤੀ ਨੂੰ ਆਹਿਸਤਾ

ਆਹਿਸਤਾ ਖ਼ਤਮ ਕਰ ਕੇ, ਜਾਂ ਉਨ੍ਹਾਂ ਦਾ ਧਰਮ ਪਰੀਵਰਤਣ ਕਰ ਕੇ ਮੁਸਲਮਾਨੀ ਸ਼ਰੀਅਤ ਅੰਦਰ ਲਿਆਉਣਾ ਸੀ। ਗੁਰਦੇਵ ਪਿਤਾ ਨੇ ਆਪਣੀ ਯਾਤਰਾ ਦੌਰਾਨ, ਅਨਾਥ ਹਿੰਦੂਆਂ ਨੂੰ, ਨਾਮ ਦੀ ਮਹਿਮਾ ਦਰਸਾ ਕੇ ਨਿਰਭੈ ਬਣਨ ਦਾ ਖੁੱਲ੍ਹਮ ਖੁੱਲ੍ਹਾ ਉਪਦੇਸ਼ ਦਿੱਤਾ। ਕਸ਼ਮੀਰੀ ਪੰਡਤਾਂ ਦੀ ਸੁਲਗਦੀ ਆਤਮਾ ਦੀ ਆਹ ਦਾ ਧੂੰਆਂ ਆਕਾਸ਼ ਨੂੰ ਛੋਂਹਦਾ ਵੀ ਤੱਕਿਆ ਤੇ ਤਰਸ ਖਾ ਕੇ ਉਨ੍ਹਾਂ ਦੀ ਆਤਮਕ ਅਧੋਗਤੀ, ਮਾਨਸਿਕ ਪ੍ਰੇਸ਼ਾਨੀ ਤੇ ਸਰੀਰਕ ਅੱਤਿਆਚਾਰ ਦਾ ਬੋਝ ਆਪਣੇ ਸਿਰ ਲੈ ਕੇ ਹੌਲਾ ਫੁੱਲ ਕਰ ਦਿੱਤਾ। ਔਰੰਗਜ਼ੇਬ ਦੀਆਂ ਰਾਜ- ਮੱਤੀਆਂ ਅੱਖਾਂ ਨੂੰ ਇਹਨਾਂ ਘਟਨਾਵਾਂ ਵਿੱਚੋਂ ਆਪਣੀ ਧਾਰਮਿਕ ਨੀਤੀ ਦੀ ਵਿਰੋਧਤਾ ਦਿੱਸੀ, ਸਿਧਾਂਤਕ ਤੌਰ ਤੇ ਵੀ ਅਤੇ ਅਮਲੀ ਤੌਰ ਤੇ ਵੀ ਇਸ ਵਿਰੋਧਤਾ ਵਿੱਚ ਬਗਾਵਤ ਦੀ ਬੂ ਮਹਿਸੂਸ ਕੀਤੀ ਉਸ ਦੇ ਸ਼ਾਹੀ ਨੱਕ ਨੇ। ਇਹ ਵੀ ਸੰਸਾਰਕ ਰਾਜਨੀਤੀ ਦਾ ਅੰਗ ਹੈ ਕਿ ਜਦ ਵੀ ਕਿਸੇ ਮਹਾਂਪੁਰਸ਼ ਨੂੰ ਪਕੜਨਾ ਹੁੰਦਾ ਹੈ ਜਾਂ ਦੰਡ ਦੇਣਾ ਹੁੰਦਾ ਹੈ ਤਾਂ ਉਸ ਉੱਤੇ ਰਾਜਨੀਤਿਕ ਤੌਰ ਤੇ ਵੀ ਢੁੱਕਵਾਂ ਅਲਜ਼ਾਮ ਲਗਾਇਆ ਜਾਂਦਾ ਹੈ। ਆਪਣੀ ਕਾਰਵਾਈ ਨੂੰ ਯੋਗ ਕਰਾਰ ਦੇਣ ਲਈ ਹਰੇਕ ਹਕੂਮਤ ਇਹ ਨੀਤੀ ਅਪਣਾਉਂਦੀ ਆਈ ਹੈ। ਔਰੰਗਜ਼ੇਬ ਨੇ ਭੀ ਬਾਦਸ਼ਾਹੀ ਫ਼ੁਰਮਾਨ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਫ਼ੁਰਮਾਨ ਜਾਰੀ ਕੀਤਾ ਸੀ।

ਕੁਰਸੀ ਇਨਸਾਨ ਨੂੰ ਮਤਲਬ ਦੀ ਸਾਰੀ ਗੱਲ ਸਿਖਾ ਦਿੰਦੀ ਹੈ। ਔਰੰਗਜ਼ੇਬ ਤਾਂ ਵੈਸੇ ਭੀ ਬਹੁਤ ਚਾਲਾਕ ਤੇ ਚਤੁਰ ਸੀ। ਉਸ ਨੇ ਬਾਬਾ ਰਾਮ ਰਾਇ ਨੂੰ ਕਰਾਮਾਤਾਂ ਦੇ ਚੱਕਰ ਵਿੱਚ ਪਾ ਕੇ, ਚਾਪਲੂਸੀ ਕਰ ਕੇ ਗੁਰਮੁਖਤਾਈ ਦੇ ਪੰਧ ਤੋਂ ਉਖੇੜ ਦਿੱਤਾ। ਪਿਆਰ ਸਤਿਕਾਰ ਭਰੇ ਵਾਤਾਵਰਨ ਵਿੱਚ, ਗੱਲਬਾਤ ਰਾਹੀਂ ਇਹ ਹਥਿਆਰ ਗੁਰਦੇਵ ਉੱਤੇ ਭੀ ਚਲਾਇਆ ਪਰ ਅਕਾਲ ਪੁਰਖ ਦੇ ਵਰੋਸਾਏ ਹੋਏ ਪੂਰਨ ਪੁਰਖ ਉੱਪਰ ਉਸ ਦਾ ਜਾਦੂ ਕਿਵੇਂ ਚੱਲ ਸਕਦਾ ਸੀ? ਇਸ ਦਾ ਜ਼ਿਕਰ ਬਚਿਤ੍ਰ ਨਾਟਕ ਵਿੱਚ ਇਸ ਤਰ੍ਹਾਂ ਕੀਤਾ ਹੈ -

***ਨਾਟਕ ਚੇਟਕ ਕੀਏ ਕੁਕਾਜਾ॥***
***ਪ੍ਰਭ ਲੋਗਨ ਕਹ ਆਵਤ ਲਾਜਾ॥੧੪॥ (ਅਧਿ: ੫)***

'ਪਾੜੋ ਤੇ ਰਾਜ ਕਰੋ' ਕੇਵਲ ਅਧੁਨਿਕ ਯੁੱਗ ਦੀ ਨੀਤੀ ਨਹੀਂ, ਇਸ ਦੀ ਵਰਤੋਂ ਮੁਗਲ ਸਾਮਰਾਜ ਨੇ, ਇਕ-ਪੁਰਖੀ ਰਾਜ ਦੇ ਹੁੰਦਿਆਂ ਵੀ ਕੀਤੀ। ਇਹ ਹੈਰਾਨੀ ਦੀ ਗੱਲ ਨਹੀਂ ਕਿ ਔਰੰਗਜ਼ੇਬ ਨੇ ਉਸ ਸਮੇਂ ਜਿਹੜੀ ਸਖਤੀ ਤੇ ਪਾਬੰਦੀ ਹਿੰਦੂਆਂ ਜਾਂ ਉਨ੍ਹਾਂ ਦੇ ਮੰਦਰਾਂ ਤੇ ਲਾਈ, ਉਹ ਬੰਦਸ਼ ਸਿੱਖਾਂ ਜਾਂ ਗੁਰਦੁਆਰਿਆਂ ਤੇ ਨਹੀਂ ਲਾਈ। ਹਜ਼ੂਰ ਨਾਲ ਕੀਤੇ ਬਚਨ ਬਿਲਾਸ ਵਿੱਚ ਸਿੱਖਾਂ ਤੇ ਮੁਸਲਮਾਨਾਂ ਦੀ ਸਾਂਝੀਵਾਹਦ-ਖ਼ੁਦਾ ਦੀ ਪ੍ਰਸਤਸ਼ ਤੇ ਹਿੰਦੂਆਂ ਦੀ ਬੁੱਤ ਪ੍ਰਸਤੀ ਦਾ ਚਰਚਾ ਭੀ ਸ਼ਾਮਲ ਸੀ। ਪਰ ਹਿੰਦੂ ਧਰਮ ਨਾਲ ਹਮਦਰਦੀ ਕਰਨ ਤੋਂ ਰੋਕਣ ਦਾ ਇਹ ਪ੍ਰਸਤਾਵ ਵੀ ਅਕਾਰਥ ਗਿਆ ਕਿਉਂਕਿ ਗੁਰਦੇਵ ਜੀ ਨੇ ਸਪੱਸ਼ਟ ਸ਼ਬਦਾਂ ਵਿੱਚ ਫ਼ੁਰਮਾਇਆ ਕਿ ਗੁਰੂ ਨਾਨਕ ਦਾ ਦਰ, ਇਨਸਾਨੀਅਤ ਨਾਲ ਬੇਇਨਸਾਫ਼ੀ, ਮਜ਼੍ਹਬੀ ਗੁਲਾਮੀ, ਜੰਞ ਤੇ ਤਿਲਕਧਾਰੀ ਹਿੰਦੂ ਨਾਲ ਜਬਰ, ਮੰਦਰ ਤੇ ਲਾਈ ਪਾਬੰਦੀ ਦੇ ਰਾਜਸੀ ਤਾਕਤ ਨਾਲ ਧਰਮ ਪਰੀਵਰਤਣ ਦੇ ਵਿਰੁੱਧ ਹੈ ਤੇ ਇਨ੍ਹਾਂ ਸਭਨਾਂ ਦੀ ਰਖਵਾਲੀ ਲਈ ਵੱਡੀ ਤੋਂ ਵੱਡੀ ਕੀਮਤ ਅਦਾ ਕਰਨ ਲਈ ਤਿਆਰ ਹੈ।

ਆਪਣਾ ਮਿਸ਼ਨ ਅਧੂਰਾ ਤੱਕ ਕੇ ਔਰੰਗਜ਼ੇਬ ਦੀ ਮਲੇਛ ਆਤਮਾ ਵਿੱਚ ਕਹਿਰ ਦਾ ਗੁੱਸਾ ਤੇ ਫ਼ਤੂਰ ਦਾ ਤੂਫ਼ਾਨ ਉਤਪੰਨ ਹੋਇਆ ਤੇ ਸਿੱਟੇ ਵਜੋਂ ਸਖ਼ਤ ਰਵੱਈਆ ਅਪਣਾਉਣ ਦਾ ਫ਼ੈਸਲਾ ਕੀਤਾ। ਹਜ਼ੂਰ ਨੂੰ ਲੋਹੇ ਦੇ ਪਿੰਜਰੇ ਵਿੱਚ ਕੈਦ ਕਰ ਕੇ ਅਤਿਅੰਤ ਤਸੀਹੇ ਤੇ ਕਸ਼ਟ ਦੇਣ ਦਾ ਹੁਕਮ ਜਾਰੀ ਕਰਨਾ, ਔਰੰਗਜ਼ੇਬ ਦੀ ਝੂਠੀ ਹੰਗਤਾ ਨੂੰ ਲੱਗੀ ਸੱਟ ਦਾ ਪਰਤੱਖ ਸਬੂਤ ਸੀ। ਬੇਦੋਸ਼ੇ, ਅਨਾਥ, ਨਿਆਸਰੇ ਤੇ ਦੁੱਖੀ ਪੁਰਸ਼ਾਂ ਦੇ ਧਰਮ ਨੂੰ ਬਚਾਉਣ ਹਿੱਤ ਗੁਰਦੇਵ ਜੀ ਨੇ ਆਪਣਾ ਸੀਸ ਕੁਰਬਾਨ ਕਰਕੇ ਕਮਾਲ ਦਾ ਧੀਰਜ, ਇਸਤਕਲਾਲ ਤੇ ਹੱਠ ਦਿਖਾਇਆ। ਇਸ ਦਾ ਸੰਕੇਤ ਬਚਿਤ੍ਰ ਨਾਟਕ ਸਿੰਘ ਜੀ ਨੇ ਆਪਣੀ ਰਚਨਾ ਵਿੱਚ ਇਨ੍ਹਾਂ ਸ਼ਬਦਾਂ ਦੁਆਰਾ ਦਿੱਤਾ ਗਿਆ ਹੈ -

***ਧਰਮ ਹੇਤ ਸਾਕਾ ਜਿਨਿ ਕੀਆ॥***
***ਸੀਸੁ ਦੀਆ ਪਰ ਸਿਰਰੁ ਨ ਦੀਆ॥੧੪॥ (ਅਧਿ: ੫)***

ਜਾਨ ਨਿਛਾਵਰ ਕਰਨ ਲਈ ਧੁਰੋਂ ਵਰੋਸਾਏ ਤਿੰਨ ਗੁਰਸਿੱਖ ਸਤਿਗੁਰੂ ਜੀ ਦੇ ਸੰਗੀ ਸਨ, ਜਿਨ੍ਹਾਂ ਨੇ ਗੁਰਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਅੰਤਮ ਸਮੇਂ ਤੱਕ ਗੁਰਸਿੱਖ-ਪ੍ਰੀਤੀ ਤੋੜ ਨਿਭਾਈ। ਕੀ ਮਜਾਲ ਕਿ ਉਨ੍ਹਾਂ ਦੇ ਮਨਾਂ ਨੇ ਰੰਚਕ ਮਾਤਰ ਭੀ ਕਾਂਪ ਖਾਧੀ ਹੋਵੇ, ਜਾਂ ਹਾਇ ਦੀ ਆਵਾਜ਼ ਮੂੰਹੋਂ ਕੱਢੀ ਹੋਵੇ। ਧੰਨਤਾ ਯੋਗ ਹਨ ਪਾਤਸ਼ਾਹ ਜੀ ਦੇ ਪਿਆਰੇ ਸਿਦਕੀ ਸਿੱਖ, ਜਿਨ੍ਹਾਂ ਨੇ ਪ੍ਰੇਮ ਦੇ ਜਜ਼ਬੇ ਵਿੱਚ ਕਮੀ ਨਹੀਂ ਆਉਣ ਦਿੱਤੀ। ਸਿਦਕ ਦਾ ਭਾਵ, ਸ਼ਰਧਾ, ਪਿਆਰ ਤੇ ਆਤਮ ਸਮਰਪਣ ਹੈ। ਪ੍ਰੀਖਿਆ ਸਮੇਂ ਸਿਦਕੀ ਸਿੱਖ, ਸਤਿਗੁਰੂ ਜੀ ਦੀ ਖੁਸ਼ੀ ਪ੍ਰਾਪਤ ਕਰਨ ਲਈ, ਪ੍ਰਭੂ ਦੀ ਰਜ਼ਾ ਵਿੱਚ ਆਪਣਾ ਤਨ, ਮਨ, ਧਨ ਵਾਰਨ ਵਿੱਚ ਕਦੇ ਸੰਕੋਚ ਨਹੀਂ ਕਰਦਾ, ਡੋਲਦਾ ਨਹੀਂ, ਘਬਰਾਉਂਦਾ ਨਹੀਂ,

ਬਲਕਿ ਮੌਤ ਦਾ ਖਿੜੇ ਮੱਥੇ ਸਵਾਗਤ ਕਰਦਾ ਹੈ।

*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ॥* *ਅੰਗ - ੭੫੭*

ਦਾ ਅਮਲੀ ਰੂਪ ਭਾਈ ਸਤੀ ਦਾਸ ਨੇ ਕਰ ਵਿਖਾਇਆ, ਜਦ ਉਸ ਨੂੰ ਰੂੰ ਵਿੱਚ ਲਪੇਟ ਕੇ ਅਗਨੀ ਦੀ ਭੇਟ ਚੜ੍ਹਾਇਆ ਗਿਆ। ਦੁੱਖ ਵਿੱਚ ਸੁੱਖ ਮਨਾਉਣ, ਦੁੱਖ ਨੂੰ ਅੰਮ੍ਰਿਤ ਸਮ ਸਮਝਣ ਦਾ ਜੇ ਨਮੂਨਾ ਤੱਕਣਾ ਹੋਵੇ ਤਾਂ ਭਾਈ ਦਿਆਲੇ ਦੀ ਕਰਨੀ ਵੱਲ ਝਾਤ ਮਾਰੀਏ, ਜਿਸਨੇ ਉਬਲਦੇ ਪਾਣੀ ਵਿੱਚ ਆਪਣੇ ਸਰੀਰ ਦਾ ਮਾਸ ਆਲੂ ਦੇ ਛਿਲਕੇ ਵਾਂਗਰ ਵੱਖ ਕਰਵਾਇਆ ਪਰ ਸੁਰਤੀ ਗੁਰ-ਚਰਨਾਂ ਵਿੱਚ ਲੀਨ ਰੱਖੀ। ਭਾਈ ਮਤੀਦਾਸ ਨੂੰ ਲੱਕੜੀ ਦੇ ਫੱਟਾਂ ਵਿੱਚ ਨੂੜ ਕੇ ਆਰੇ ਨਾਲ ਦੁਫਾੜ ਕਰਨ ਤੋਂ ਪਹਿਲਾਂ ਉਸ ਨੇ ਇਹੋ ਮੰਗ ਮੰਗੀ ਕਿ ਮੇਰਾ ਮੂੰਹ ਜੋਤੀ ਸਰੂਪ ਗੁਰਦੇਵ ਵੱਲ ਮੋੜ ਦਿਉ, ਤਾਂ ਕਿ ਸਨਮੁੱਖ ਦੀਦਾਰ ਕਰਦਿਆਂ ਕਰਵਤ ਦੇ ਦੰਦਿਆਂ ਦੀ ਆਉ ਭਗਤ ਕਰਾਂ ਤੇ ਪ੍ਰੀਤਮ ਜੀ ਨੂੰ ਕਰਵਟ ਨਾ ਦਿਖਾਵਾਂ -

*ਕਰਵਤੁ ਭਲਾ ਨ ਕਰਵਟ ਤੇਰੀ॥*
*ਲਾਗੁ ਗਲੇ ਸੁਨੁ ਬਿਨਤੀ ਮੇਰੀ॥*
*ਜਉ ਤਨੁ ਚੀਰਹਿ ਅੰਗੁ ਨ ਮੋਰਉ॥*
*ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥* *ਅੰਗ - ੪੮੪*

ਹਜ਼ੂਰ ਦੇ ਪਾਵਨ ਨਾਮ ਵਿਚੋਂ ਦਿਵਯ ਜਯੋਤੀ ਸਖਸ਼ੀਅਤ ਦਾ ਝਲਕਾਰਾ ਡਲ੍ਹਕਾ ਮਾਰਦਾ ਹੈ। ਚੌਦਾਂ ਸਾਲ ਦੀ ਉਮਰ ਵਿੱਚ ਕਰਤਾਰਪੁਰ ਦੀ ਜੰਗ ਸਮੇਂ ਤਲਵਾਰ ਦੇ ਜੌਹਰ ਤੇ ਅਲੌਕਿਕ ਕਰਤੱਬ ਵਿਖਾਉਣ ਕਰਕੇ ਆਪ ਜੀ ਤਿਆਗ ਮੱਲ ਤੋਂ ਤੇਗ ਬਹਾਦਰ ਦੇ ਸੁਭਾਗੇ ਨਾਮ ਨਾਲ ਸੁਸ਼ੋਭਿਤ ਹੋਏ। ਫ਼ਾਰਸੀ ਦੇ ਇਹ ਦੋਨੋਂ ਸ਼ਬਦ, ਅਰਸ਼ੀ ਤੇ ਬੀਰ-ਰਸ ਗੁਣਾਂ ਦੀ ਸਾਕਾਰ ਮੂਰਤ ਪਹਿਲੀ ਵਾਰ ਆਪ ਜੀ ਦੀ ਹਸਤੀ ਨਾਲ ਜੁੜੇ। ਮਾਸੂਮ ਜ਼ਿੰਦੜੀਆਂ ਦੇ ਹਮਦਰਦ, ਹਕੂਮਤ ਦੀਆਂ ਧਮਕੀਆਂ ਤੋਂ ਬੇਬਾਕ, ਮਜ਼ਲੂਮਾਂ ਦੇ ਰਾਖੇ, ਅਨਾਥਾਂ ਦੀ ਬਾਂਹ ਫੜਨ ਵਾਲੇ ਇਰਾਦੇ ਦੇ ਮਾਲਕ, ਚਿਹਰੇ ਤੇ ਨੂਰਾਨੀ ਚਮਕ ਦਮਕ, ਝੋਰਿਆਂ ਵਿਸੂਰਿਆਂ ਤੋਂ ਸੁਤੰਤਰ, ਮਨ ਵਿੱਚ ਸਦ-ਖੇੜਾ ਵਿਗਾਸ, ਸ਼ਮਸ਼ੀਰ ਦੇ ਧਨੀ ਗੁਣੀ ਨਿਧਾਨ ਗੁਰੂ ਤੇਗ ਬਹਾਦਰ ਸਾਹਿਬ ਦੇ ਕਿਹੜੇ ਕਿਹੜੇ ਗੁਣਾਂ ਨੂੰ ਇਨਸਾਨੀ ਜਿਹਬਾ ਕਥੇ ਵਖਾਣੇ।

ਬ੍ਰਹਮ ਗਿਆਨ ਦੇ ਤੱਤਾਂ ਵਿੱਚ ਨਵੀਨਤਾ ਦਾ ਰੰਗ ਭਰ ਕੇ ਅਧਿਆਤਮਵਾਦ ਵਿੱਚ ਇੱਕ ਇਨਕਲਾਬੀ ਵਾਧਾ ਕੀਤਾ ਜਦ ਆਪ ਜੀ ਦੇ ਮੁਖਾਰਬਿੰਦ ਨੇ ਇਹ ਸਲੋਕ ਉਚਾਰਨ ਕੀਤਾ -

*ਭੈ ਕਾਹੂ ਕਉ ਦੇਤ ਨਹਿ,*
*ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ*
*ਗਿਆਨੀ ਤਾਹਿ ਬਖਾਨਿ॥੧੬॥* *ਅੰਗ - ੧੪੨੭*

ਆਪ ਜੀ ਦਾ ਇਹ ਉਪਦੇਸ਼ ਜਾਦੂ ਬਣ ਕੇ ਹਿਰਦਿਆਂ ਵਿੱਚ ਵਸ ਗਿਆ ਤੇ ਨਾਲ ਇਹ ਵੀ ਦ੍ਰਿੜ੍ਹ ਕਰਾਇਆ ਕਿ ਬ੍ਰਹਮ ਗਿਆਨੀ ਦੀ ਆਤਮਾ ਪੱਥਰ ਵਾਂਗ ਕਠੋਰ ਨਹੀਂ ਕਿ ਉਹ ਮਜ਼ਲੂਮਾਂ ਦੇ ਹੱਕਿਆਂ ਦੀਆਂ ਗਰਮ ਲਾਟਾਂ ਨਾਲ ਪਿਘਲੇ ਨਾ ਬਲਕਿ ਏਨੀ ਦਰਦ ਜਾਂਦੀ ਹੈ ਕਿ 'ਸੰਤਨ ਦੁਖ ਪਾਏ ਤੇ ਦੁਖੀ' ਵਾਲੀ ਅਵਸਥਾ ਇੰਨ ਬਿੰਨ ਵਾਪਰ ਜਾਂਦੀ ਹੈ, ਪਰ ਇਹ ਪਾਵਨ ਆਤਮਾ ਦੁਖੀ ਹੋ ਕੇ ਆਰਾਮ ਨਾਲ ਨਹੀਂ ਬਹਿੰਦੀ, ਬਲਕਿ ਦੁੱਖ-ਹਰਤਾ ਦੇ ਰੂਪ ਵਿੱਚ ਜਗਤ ਦੇ ਸਗਲੇ ਦੁੱਖ ਨਿਵਾਰਨ ਕਰਦੀ ਹੈ। ਇਉਂ ਬ੍ਰਹਮ ਗਿਆਨੀ ਦੀ ਪ੍ਰੀਭਾਸ਼ਾ ਵਿੱਚ ਗਿਆਨ, ਠਰੰਮੇ, ਧੀਰਜ, ਸਿਦਕ ਆਦਿ ਨਾਲ ਬੀਰ ਰਸ ਦਾ ਰੰਗ ਵੀ ਸ਼ਾਮਲ ਕਰ ਦਿੱਤਾ, ਜਿਸ ਦੇ ਸਦਕੇ ਨਿਰਬਲ ਤੇ ਨਿਤਾਣੀ ਲੋਕਾਈ ਦੇ ਦਿਲਾਂ ਵਿੱਚੋਂ ਕਾਇਰਤਾ ਨੂੰ ਹੂੰਝ ਕੇ ਬਾਹਬਰ ਸੁੱਟ ਦੇਣਾ ਬ੍ਰਹਮ ਗਿਆਨੀ ਦਾ ਵਿਸ਼ੇਸ਼ ਧਰਮ ਬਣ ਗਿਆ। ਦਸਮ ਗ੍ਰੰਥ ਵਿੱਚ ਫ਼ੁਰਮਾਨ ਹੈ -

*ਧੀਰਜ ਧਾਮ ਬਨਾਇ ਇਹੈ ਤਨ,*
*ਬੁਧਿ ਸੁ ਦੀਪਕ ਜਿਉ ਉਜੀਆਰੈ॥*
*ਗਯਾਨਹਿ ਕੀ ਬਢਨੀ ਮਨਹੁ*
*ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥*
***ਸਵੈਯਾ ਕ੍ਰਿਸ਼ਨਾਵਤਾਰ***

ਦੁਖੀਆਂ ਦੇ ਦਰਦਮੰਦ, ਬੇਗੁਨਾਹਾਂ ਦੇ ਹਿਤੈਸ਼ੀ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਨਿਰਮਲ ਵਿਚਾਰਧਾਰਾ, ਪਰਉਪਕਾਰੀ ਭਾਵਨਾ, ਸੁਹਿਰਦ ਮਨੋਬਿਰਤੀ ਤੇ ਬਿਬੇਕੀ ਨਿਰਭੈਤਾ ਨੇ ਜਿਹੜੀ ਕਰਮਸ਼ੀਲ ਭੂਮਿਕਾ ਨਿਭਾਈ, ਉਸ ਤੋਂ ਧਰਮ ਯੁੱਧ ਦੇ ਸੰਘਰਸ਼ ਵਿੱਚ ਆਪਾ ਵਾਰਨ ਦੀ ਲਾ-ਜਵਾਬ ਸ਼ਹਾਦਤ ਦਾ ਮੁੱਢ ਬੱਝਾ। ਇਹ ਇੱਕ ਐਸਾ ਸਾਕਾ ਸੀ, ਜਿਸ ਵਿੱਚ ਗੁਰਸਿੱਖਾਂ ਨੇ ਪਹਿਲੀ ਵਾਰ, ਸਤਿਗੁਰੂ ਦੇ ਸਨਮੁੱਖ, ਪਾਵਨ ਹਜ਼ੂਰੀ ਵਿੱਚ ਦਿਲ-ਕੰਬਾਊ ਪ੍ਰੀਖਿਆ ਦੌਰਾਨ ਤਨ ਮਨ ਘੋਲ ਘੁਮਾ ਕੇ ਸੱਚੀ ਪ੍ਰੀਤੀ ਨਿਭਾਉਣ ਦੇ ਪੂਰਨੇ ਪਾਏ। ਬਚਿਤ੍ਰ ਨਾਟਕ ਵਿੱਚ ਇਸ ਸ਼ਹਾਦਤ ਦੀ ਉੱਚਤਾ ਦਾ ਵਰਨਣ ਆਪਣੇ ਸ਼ਬਦਾਂ ਵਿੱਚ ਇਉਂ ਕੀਤਾ ਹੋਇਆ ਹੈ -

*ਠੀਕਰਿ ਫੋਰਿ ਦਿਲੀਸਿ ਸਿਰਿ,*
*ਪ੍ਰਭ ਪੁਰ ਕੀਯਾ ਪਯਾਨ॥*
*ਤੇਗ ਬਹਾਦਰ ਸੀ ਕ੍ਰਿਆ,*

***(ਬਾਕੀ ਪੰਨਾ 38 'ਤੇ)***

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਦਰਸ਼ਨ

*[ਭਾਈ ਕੁਲਦੀਪ **ਸਿੰਘ ਹਉਰਾ**]*

ਕਥਨੀ ਦੇ ਪੂਰੇ ਤੇ ਕਰਨੀ ਦੇ ਸੂਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜੋ ਕੁਝ ਆਪਣੀ ਬਾਣੀ ਵਿੱਚ ਫੁਰਮਾਇਆ, ਉਹ ਇੰਨ-ਬਿੰਨ ਆਪਣੇ ਜੀਵਨ ਵਿੱਚ ਕਮਾਇਆ ਵੀ। ਆਪ ਕਰਮ ਯੋਗੀ ਸਨ ਤੇ ਫੋਕੇ ਕਰਮ-ਕਾਂਡਾ ਵਿੱਚ ਆਪ ਦਾ ਕੋਈ ਵਿਸ਼ਵਾਸ ਨਹੀਂ ਸੀ। ਆਪ ਨੇ ਤੀਰਥ ਕਰਕੇ, ਵਰਤ ਰੱਖ ਕੇ ਤੇ ਦਾਨ ਕਰਕੇ ਮਨ ਵਿੱਚ ਅਹੰਕਾਰ ਕਰਨ ਵਾਲਿਆਂ ਨੂੰ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਇਸ ਤਰਾਂ ਕਰਕੇ ਤੁਸੀਂ ਆਪਣਾ ਜੀਵਨ ਨਿਹਫਲ ਗੁਆ ਰਹੇ ਹੋ-

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥੪੬॥***

ਆਪ ਜੀ ਦੇ ਮਨ, ਬਚਨ ਤੇ ਕਰਮ ਵਿੱਚ ਇਕਸਾਰਤਾ ਸੀ ਤੇ ਉਹ

ਇਸ ਤਰ੍ਹਾਂ ਉਹ ਸਦਾ ਹੀ ਲੋਕ-ਭਲਾਈ ਤੇ ਲੋਕ-ਸੇਵਾ ਦੇ ਕਾਰਜਾਂ ਵਿੱਚ ਜੁਟੇ ਰਹਿੰਦੇ। ਆਪ ਦੀ ਪ੍ਰਬਲ ਇਛਿਆ ਹੁੰਦੀ ਸੀ ਕਿ ਸਮਾਜਕ, ਘਰੋਗੀ ਤੇ ਰਾਜਸੀ ਝਗੜਿਆਂ ਨੂੰ ਸ਼ਾਂਤੀ ਤੇ ਸਦਭਾਵਨਾ ਨਾਲ ਮਿਲ-ਜੁਲ ਕੇ ਨਜਿੱਠ ਲਿਆ ਜਾਵੇ। ਫਰਵਰੀ ੧੬੬੯ ਵਿੱਚ ਬ੍ਰਹਮਪੁਤਰ ਦਰਿਆ ਦੇ ਕੰਢੇ ਧੋਬੜੀ ਨਾਂ ਦੀ ਥਾਂ ਤੇ ਕੈਂਪ ਕਰਕੇ ਆਪ ਨੇ ਮੁਗਲ ਫੌਜਾਂ ਦੇ ਕਮਾਂਡਰ ਰਾਜਾ ਰਾਮ ਸਿੰਘ ਤੇ ਆਸਾਮੀ ਸੈਨਾ ਦੇ ਰਾਜਾ ਚਕਰ ਧਵਜ ਸਿੰਘ ਵਿੱਚ ਸੁਲਾਹ ਕਰਵਾ ਦਿੱਤੀ ਤੇ ਬਹੁਤ ਸਾਰੇ ਲੋਕਾਂ ਦਾ ਖੂਨ ਡੁੱਲ੍ਹਣ ਤੋਂ ਬਚਾ ਲਿਆ। ਆਪ ਨੇ ਦੋਹਾਂ ਫੌਜਾਂ ਦੀ ਸ਼ਕਤੀ ਦਾ ਠੀਕ ਉਪਯੋਗ ਕਰਵਾ ਕੇ ਉਨ੍ਹਾਂ ਨੂੰ ਸੇਵਾ ਵਿੱਚ ਲਗਵਾ ਦਿੱਤਾ ਤੇ ਇੱਕ ਬਹੁਤ ਵੱਡਾ ਥੜ੍ਹਾ ਬਣਵਾਇਆ, ਜਿਸ ਦਾ ਨਾਮ ਹੁਣ ਦਮਦਮਾ ਸਾਹਿਬ ਹੈ। ਇਹ ਅਸਥਾਨ ਸ਼ਾਂਤੀ ਤੇ ਸਦਭਾਵਨਾ ਦਾ ਪ੍ਰਤੀਕ ਹੈ। ਗੁਰੂ ਸਾਹਿਬ ਸ਼ਾਂਤੀ ਦੇ ਦੂਤ ਤੇ ਸਦਭਾਵਨਾ ਦੇ ਪੁਤਲੇ ਸਨ। ਗੁਰੂ ਤੇਗ ਬਹਾਦਰ ਸਾਹਿਬ ਮੁੱਢੋਂ ਹੀ ਸ਼ਾਂਤ-ਸੁਭਾਅ ਦੇ ਸਨ। ਉਹ ਸਦਾ ਸ਼ਾਂਤੀ ਤੇ ਅਮਨ ਦਾ ਹੀ ਪ੍ਰਚਾਰ ਕਰਦੇ ਰਹੇ। ਸ਼ਾਂਤੀ ਕਾਇਮ ਕਰਨ ਖਾਤਰ ਹੀ ਉਨ੍ਹਾਂ ਨੂੰ ਆਪਣੀ ਕੁਰਬਾਨੀ ਦੇਣੀ ਪਈ ਸੀ। ਆਪ ਨੇ ਮਨੁੱਖੀ-ਖੂਨ ਦੀ ਹੋਲੀ ਖੇਡੇ ਜਾਣ ਤੋਂ ਬਚਾਉਣ ਲਈ ਹੀ ਆਪਣੇ ਜੀਵਨ ਦਾ ਬਲੀਦਾਨ ਹੱਸਦਿਆਂ ਹੋਇਆਂ ਦੇ ਦਿੱਤਾ। ਆਪਣੀ ਜਾਨ ਦੀ ਵੱਡਮੁਲੀ ਕੁਰਬਾਨੀ ਦੇ ਕੇ ਸਾਬਤ ਕਰ ਦਿੱਤਾ ਕਿ ਮਹਾਂਪੁਰਖ ਦੂਸਰਿਆਂ ਦੀਆਂ ਜਾਨਾਂ ਬਚਾਉਣ ਖਾਤਰ ਆਪਣਾ ਬਲੀਦਾਨ ਦੇਣ ਤੋਂ ਵੀ ਸੰਕੋਚ ਨਹੀਂ ਕਰਦੇ। ਉਹ ਚਾਹੁੰਦੇ ਤਾਂ ਆਪਣਾ ਜੀਵਨ ਸੁਰੱਖਿਅਤ ਰੱਖ ਸਕਦੇ ਸਨ। ਜ਼ੁਲਮ ਦਾ ਟਾਕਰਾ ਹੋਰ ਢੰਗ ਨਾਲ ਵੀ ਕੀਤਾ ਜਾ ਸਕਦਾ ਸੀ।

ਗੁਰੂ ਨਾਨਕ ਸਾਹਿਬ ਤੋਂ ਪਿੱਛੋਂ ਧਰਮ-ਪ੍ਰਚਾਰ ਖਾਤਰ ਭਾਵੇਂ ਗੁਰੂ ਹਰਿ ਗੋਬਿੰਦ ਸਾਹਿਬ ਵੀ ਹੋਰਨਾਂ ਥਾਵਾਂ ਤੇ ਗਏ ਸਨ ਪਰ ਗੁਰੂ ਤੇਗ ਬਹਾਦਰ ਸਾਹਿਬ ਨੇ ਇਹ ਧਰਮ-ਪ੍ਰਚਾਰ ਦੌਰੇ ਦੂਰ-ਦਰਾਜ਼ ਸਥਾਨਾਂ ਤੱਕ ਕੀਤੇ। ਧਰਮ ਪ੍ਰਚਾਰ ਦੇ ਇਨ੍ਹਾਂ ਦੌਰਿਆਂ ਦੀ ਸਫ਼ਲਤਾ ਨੂੰ ਵੇਖ ਕੇ ਹੀ ਸਰਕਾਰੀ ਕਰਮਚਾਰੀਆਂ ਦੇ ਮਨਾਂ ਵਿੱਚ ਕਈ ਪ੍ਰਕਾਰ ਦੇ ਤੌਖਲੇ ਪੈਦਾ ਹੋ ਗਏ। ਗੁਰੂ ਸਾਹਿਬ ਦੇ ਪ੍ਰਚਾਰ-ਦੌਰੇ ਸਦਾ ਚੜ੍ਹਦੀ ਕਲਾ ਵਾਲੇ ਤੇ ਚਿੱਤ-ਹੁਲਸਾਊ ਹੁੰਦੇ ਸਨ। ਆਪ ਜੀ ਨੇ ਸਿੱਖਾਂ ਨੂੰ ਜਥੇਬੰਦ ਕਰਨ ਵੱਲ ਵੀ ਉਚੇਚਾ ਧਿਆਨ ਦਿੱਤਾ। ਇਤਿਹਾਸਕਾਰ ਗੁਲਾਮ ਹੁਸੈਨ ਅਨੁਸਾਰ ਉਸ ਸਮੇਂ ਸਿੱਖਾਂ ਦਾ ਸੰਗਠਨ ਇਤਨਾ ਪੱਕਾ ਹੋ ਚੁੱਕਾ ਸੀ ਕਿ ਸਰਕਾਰ ਨੂੰ ਡਰ ਪੈਦਾ ਹੋ ਗਿਆ ਸੀ ਕਿ ਕਿਤੇ ਇਹ ਸੰਗਠਨ ਇਤਨਾ ਪੱਕਾ ਹੋ ਕੇ ਸਾਮਰਾਜ ਸ਼ਾਹੀ ਨੂੰ ਢਾਹ ਹੀ ਨਾ ਲਾ ਦੇਵੇ। ਪਰ ਗੁਰੂ ਸਾਹਿਬ ਦਾ ਮਨੋਰਥ ਤਾਂ ਸੱਚ ਤੇ ਸ਼ਾਂਤੀ ਦਾ ਪ੍ਰਚਾਰ ਕਰਨਾ ਸੀ। ਉਹ ਤਾਂ ਸੱਚ ਦੇ ਢੰਡੋਰਚੀ ਤੇ ਸ਼ਾਂਤੀ ਦੇ ਪ੍ਰਚਾਰਕ ਸਨ। ਉਨ੍ਹਾਂ ਦਾ ਮਕਸਦ ਰਾਜ ਵਿੱਚ ਅਰਾਜਕਤਾ ਫੈਲਾਉਣਾ ਨਹੀਂ ਸੀ। ਉਹ ਤਾਂ ਜ਼ੁਲਮ ਵਿਰੁੱਧ ਸਿੱਖ ਸੰਗਤਾਂ ਨੂੰ ਸਾਵਧਾਨ ਕਰਨਾ ਚਾਹੁੰਦੇ ਸਨ। ਇਸੇ ਲਈ ਕਸ਼ਮੀਰੀ ਪੰਡਿਤ ਉਨ੍ਹਾਂ ਪਾਸ ਆਪਣੀ ਪੁਕਾਰ ਲੈ ਕੇ ਜਦੋਂ ਹਾਜ਼ਰ

ਹੋਏ ਤਾਂ ਗੁਰੂ ਜੀ ਨੇ ਉਨ੍ਹਾਂ ਦੇ ਧਰਮ ਦੀ ਰਾਖੀ ਲਈ ਆਪਣੀ ਕੁਰਬਾਨੀ ਦੇਣ ਦੀ ਪੇਸ਼ਕਸ਼ ਕਰ ਦਿੱਤੀ। ਇਸੇ ਤਰ੍ਹਾਂ ਸੰਬੰਧੀਆਂ ਦੀ ਈਰਖਾ ਦਾ ਟਾਕਰਾ ਵੀ ਆਪਨੇ ਸਹਿਨਸ਼ੀਲਤਾ ਤੇ ਸ਼ਾਂਤੀ ਦੇ ਹਥਿਆਰਾਂ ਨਾਲ ਕੀਤਾ। ਧੀਰ ਮੱਲ ਨੇ ਗੁਰ-ਗੱਦੀ ਪ੍ਰਾਪਤ ਕਰਨ ਵਾਸਤੇ ਗੁਰੂ ਸਾਹਿਬ ਵਿਰੁੱਧ ਆਪਣੇ ਯਤਨ ਜਾਰੀ ਰੱਖੇ ਹੋਏ ਸਨ। ਬਕਾਲੇ ਵਿੱਚ ੨੨ ਭੇਖੀ-ਗੁਰੂ ਮੰਜੀਆਂ ਲਗਾ ਕੇ ਬੈਠ ਗਏ, ਜਿਨ੍ਹਾਂ ਵਿਚੋਂ ਧੀਰ ਮੱਲ ਮੁਖੀ ਸੀ। ਈਰਖਾ ਵਸ ਉਸ ਨੇ ਸ਼ੀਂਹੇ ਮਸੰਦ ਰਾਹੀਂ ਗੁਰੂ ਸਾਹਿਬ ਉਤੇ ਗੋਲੀ ਵੀ ਚਲਵਾਈ, ਜਿਸ ਨਾਲ ਗੁਰੂ ਸਾਹਿਬ ਦਾ ਮੋਢਾ ਮਾਮੂਲੀ ਜਿਹਾ ਜ਼ਖਮੀ ਹੋ ਗਿਆ। ਸ਼ਸਤਰ-ਧਾਰੀ ਸ਼ਰਧਾਲੂ ਸਿੱਖ ਮੌਕੇ 'ਤੇ ਪੁੱਜ ਜਾਣ ਕਰਕੇ ਗੁਰੂ-ਧਰੋਹੀ ਭੱਜ ਗਏ ਤੇ ਜਾਂਦਿਆਂ ਹੋਇਆਂ ਆਪਣਾ ਮਾਲ-ਸਾਮਾਨ ਵਿੱਚੇ ਹੀ ਛੱਡ ਗਏ। ਪਰ ਖਿਮਾਂ ਦੇ ਮਾਲਕ ਤੇ ਸ਼ਾਂਤੀ ਦੇ ਦੂਤ ਸਤਿਗੁਰੂ ਨੇ ਨਾ ਸਿਰਫ ਉਹਨਾਂ ਨੂੰ ਖਿਮਾ ਹੀ ਕਰ ਦਿੱਤਾ, ਸਗੋਂ ਧੀਰ ਮੱਲ ਆਦਿ ਗੁਰ-ਧਰੋਹੀਆਂ ਦੀਆਂ ਵਸਤੂਆਂ ਵੀ ਮੁੜਵਾ ਦਿੱਤੀਆ। ਸ਼ਾਂਤੀ ਤੇ ਖਿਮਾ ਦੀ ਇਸ ਤੋਂ ਵੱਡੀ ਉਦਾਹਰਣ ਕੀ ਹੋ ਸਕਦੀ ਹੈ ਕਿ ਜਾਨੀ-ਸ਼ਤਰੂਆਂ ਨੂੰ ਵੀ ਵਿਸ਼ਾਲ ਹਿਰਦੇ ਦੀ ਵਿਸ਼ਾਲਤਾ ਦੁਆਰਾ ਖਿਮਾ ਕਰ ਦਿੱਤਾ ਤੇ ਮੱਥੇ ਵੱਟ ਤੱਕ ਨਾ ਪਾਇਆ।

ਇਹੋ ਜਿਹੀ ਖੂਬੀ ਐਂਵੇ ਨਹੀਂ ਆ ਜਾਂਦੀ ਸਗੋਂ ਇਹ ਕੁਝ, ਉਹ ਵਿਅਕਤੀ ਹੀ ਕਰ ਸਕਦਾ ਹੈ, ਜਿਸਦਾ ਜੀਵਨ ਟੀਚਾ ਬਹੁਤ ਮਹਾਨ ਹੋਵੇ। ਆਪਣੀਆਂ ਭਾਵਨਾਵਾਂ ਉੱਤੇ ਕਾਬੂ ਹੋਣਾ, ਮਨੁੱਖੀ-ਮਨ ਦੀ ਇਕ ਬੜੀ ਵੱਡੀ ਪ੍ਰਾਪਤੀ ਹੈ। ਜਦੋਂ ਗੁਰੂ ਸਾਹਿਬ ਬਾਬਾ ਬਕਾਲਾ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਤਾਂ ਦਿਲ ਦੇ ਖੋਟੇ ਪੁਜਾਰੀਆਂ ਨੇ ਹਰਿਮੰਦਰ ਸਾਹਿਬ ਦੇ ਕਿਵਾੜ ਬੰਦ ਕਰ ਲਏ ਤਾਂ ਸ਼ਾਂਤੀ ਦੇ ਮੁਜਸਮੇ ਸਤਿਗੁਰੂ ਤੇਗ ਬਹਾਦਰ ਜੀ ਨੇ ਬਾਹਰ ਬੈਠ ਕੇ ਹੀ ਆਪਣੇ ਅਕੀਦਤ ਦੇ ਫੁੱਲ ਭੇਟ ਕੀਤੇ ਅਤੇ ਸਿੱਖ-ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਵੱਲੇ ਪਿੰਡ ਆ ਦਰਸ਼ਨ ਦਿਤੇ। ਅਜਿਹਾ ਕੁਝ ਉਹ ਮਹਾਨ ਵਿਅਕਤੀ ਹੀ ਕਰ ਸਕਦਾ ਹੈ, ਜਿਸ ਨੇ ਮਨ ਵਿੱਚ ਇਹ ਤੱਤ ਕੱਢਿਆ ਹੋਵੇ ਕਿ ਦੁੱਖ ਤੇ ਸੁੱਖ ਵਿੱਚ, ਇਕ ਸਮਾਨ ਰਹਿਣਾ ਹੈ ਤੇ ਜਿਸਦੇ ਲਈ ਮਾਨ ਤੇ ਅਪਮਾਨ ਵਿੱਚੋਂ ਕੋਈ ਅੰਤਰ ਨਹੀਂ। ਆਪ ਜੀ ਦਾ ਹੀ ਕਥਨ ਹੈ।

***ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥***
***ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥ ਅੰਗ - ੨੧੯***

ਵੱਲੇ ਤੋਂ ਸੰਗਤਾਂ ਨੂੰ ਗੁਰ-ਉਪਦੇਸ਼ ਦੇ ਕੇ ਜਦ ਆਪ ਕੀਰਤਪੁਰ ਵੱਲ ਜਾਣ ਦੇ ਇਰਾਦੇ ਨਾਲ ਉਧਰ ਗਏ ਤਾਂ ਮੋਹ ਮਾਇਆ 'ਚ ਗ੍ਰਸੇ ਹੋਏ, ਈਰਖਾ ਤੇ ਸਾੜੇ ਨਾਲ ਤਪਦੇ-ਲੁਝਦੇ ਧੀਰਮੱਲ ਨੇ ਜਦ ਰੋਕ ਪਾਈ ਤਾਂ ਸ਼ਾਂਤੀ ਦੇ ਪੁੰਜ ਸਤਿਗੁਰੂ ਨੇ ਕਹਿਲੂਰ ਰਿਆਸਤ ਦੇ ਰਾਜੇ ਪਾਸੋਂ ੨੨੦੦ ਰੁਪਏ ਦੀ ਜਗ੍ਹਾ ਮੁੱਲ ਲੈ ਕੇ ਉਥੇ ਆਪਣੇ ਮਾਤਾ ਜੀ ਦੇ ਨਾਂ ਉਤੇ ਨਾਨਕੀ ਚੱਕ ਨਾਂ ਦਾ ਨਵਾਂ ਨਗਰ ਆਬਾਦ ਕੀਤਾ ਜੋ ਹੁਣ ਆਨੰਦਪੁਰ ਸਾਹਿਬ ਦੇ ਨਾਂ ਨਾਲ ਜਗਤ ਪ੍ਰਸਿੱਧ ਹੈ। ਆਪ ਸਦਾ ਹੀ ਝਗੜੇ ਤੇ ਵਿਵਾਦ ਤੋਂ ਮੁਕਤ ਰਹਿਣਾ ਚਾਹੁੰਦੇ ਸਨ, ਕਿਉਂਕਿ ਆਪ ਅਮਨ ਤੇ ਸ਼ਾਂਤੀ ਦੇ ਚਾਹਵਾਨ ਸਨ। ਆਪ ਜੀ ਦਾ ਜੀਵਨ-ਦਰਸ਼ਨ ਕਿਸੇ ਅਗਿਆਤ ਕਵੀ ਦੀਆਂ ਹੇਠ ਲਿਖੀਆਂ ਤੁਕਾਂ ਤੋਂ ਪਤਾ ਲੱਗ ਜਾਂਦਾ ਹੈ, ਜਿਨ੍ਹਾਂ ਵਿੱਚ ਕਵੀ ਨੇ ਮਨੁੱਖੀ-ਮਨ ਨੂੰ ਪ੍ਰਭੂ ਦੇ ਚਰਨ-ਕੰਵਲਾਂ ਨਾਲ ਜੋੜਨ, ਮਨ ਦੀਆਂ ਬੁਰਿਆਈਆਂ ਨੂੰ ਗੁਰਸ਼ਬਦ ਦੁਆਰਾ ਹੋੜਨ ਅਤੇ ਜਿਨ੍ਹਾਂ ਦੀ ਬਾਂਹ ਫੜੀ ਹੋਵੇ, ਸਿਰ ਦੇ ਕੇ ਵੀ ਉਨ੍ਹਾਂ ਦੀ ਰੱਖਿਆ ਕਰਨ ਅਤੇ ਧਰਮ ਉਤੇ ਪੱਕੇ ਪੈਰੀਂ ਖੜੋਣ ਦਾ ਜ਼ਿਕਰ ਕੀਤਾ ਗਿਆ ਹੈ।ਉਹ ਤੁਕਾਂ ਇਸ ਤਰ੍ਹਾਂ ਹਨ -

***ਚਿਤ ਚਰਨ ਕਮਲ ਕਾ ਆਸਰਾ ਚਿਤ ਚਰਨ ਕਮਲ ਸੰਗਿ ਜੋੜੀਐ॥***
***ਮਨ ਲੋਚੈ ਬੁਰਿਆਈਆਂ ਗੁਰ ਸ਼ਬਦੀ ਇਹੁ ਮਨ ਹੋੜੀਐ॥***
***ਬਾਂਹ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹ ਨ ਛੋੜੀਐ॥***
***ਗੁਰੂ ਤੇਗ ਬਹਾਦਰ ਬੋਲਿਆ ਧਰ ਪਈਐ ਧਰਮੁ ਨ ਛੋੜੀਐ॥***

ਜੀਵਨ ਦੀ ਅਸਥਿਰਤਾ ਬਾਰੇ ਆਪ ਦੇ ਮਨ ਵਿੱਚ ਕੋਈ ਸ਼ੰਕਾ ਨਹੀਂ ਸੀ। ਉਹ ਜਗਤ ਨੂੰ ਮਿੱਥਿਆ ਸਮਝਦੇ ਹੋਏ, ਪ੍ਰਭੂ ਦੀ ਸ਼ਰਨ ਵਿੱਚ ਆਉਣ ਦੀ ਸਿੱਖਿਆ ਦੇਂਦੇ ਹੋਏ ਗਉੜੀ ਮਹਲਾ ੯ ਵਿੱਚ ਫੁਰਮਾਉਂਦੇ ਹਨ -

***ਸਾਧੋ ਰਚਨਾ ਰਾਮ ਬਨਾਈ॥***
***ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥੧॥ਰਹਾਉ॥***
***ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥***
***ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥੧॥***
***ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥***
***ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥੨॥੨॥ ਅੰਗ - ੨੧੯***

ਆਪ ਜੀ ਦੀ ਰਚਨਾ ਵਿੱਚ ਮਨੁੱਖੀ-ਰਿਸ਼ਤਿਆਂ ਬਾਰੇ ਬੜਾ ਯਥਾਰਥਕ ਬਿਆਨ ਹੈ, ਉਨ੍ਹਾਂ ਦਾ ਕਥਨ ਹੈ ਕਿ ਸੰਸਾਰੀ ਰਿਸ਼ਤੇਦਾਰ ਕੇਵਲ ਸੁੱਖ ਦੇ ਹੀ ਭਾਈਵਾਲ ਹਨ, ਬਿਪਤਾ ਪੈਣ ਤੇ ਕੋਈ ਨੇੜੇ ਨਹੀਂ ਢੁੱਕਦਾ। ਆਪ ਦਾ

ਉਪਦੇਸ਼ ਹੈ ਕਿ ਕਿਸੇ ਨਾਸ਼ਵਾਨ-ਆਸਰੇ ਦੀ ਥਾਂ ਅਬਿਨਾਸੀ ਵਾਹਿਗੁਰੂ ਦਾ ਆਸਰਾ ਲੈਣਾ ਚਾਹੀਦਾ ਹੈ -

*ਜਗਤ ਮੈ ਝੂਠੀ ਦੇਖੀ ਪ੍ਰੀਤਿ॥*
*ਅਪਨੇ ਹੀ ਸੁਖ ਸਿਉ ਸਭ ਲਾਗੇ*
*ਕਿਆ ਦਾਰਾ ਕਿਆ ਮੀਤ॥੧॥ਰਹਾਉ॥ ਅੰਗ - ੫੩੬*

*ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ॥*
*ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥੧॥ ਅੰਗ - ੨੧੯*

*ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ॥*
*ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ॥੧॥ ਅੰਗ - ੬੩੧*

ਗੁਰੂ ਸਾਹਿਬ ਦਾ ਮਹਾਨ ਆਦਰਸ਼ ਹੈ ਕਿ ਮਨੁੱਖ ਨੂੰ ਮੌਤ ਨੂੰ ਸਦਾ ਯਾਦ ਤਾਂ ਰੱਖਣਾ ਚਾਹੀਦਾ ਹੈ ਪਰ ਉਸ ਤੋਂ ਡਰਨਾ ਨਹੀਂ ਚਾਹੀਦਾ। ਮੌਤ ਤਾਂ ਅੱਟਲ ਸਚਾਈ ਹੈ, ਜੋ ਟਾਲੀ ਨਹੀਂ ਜਾ ਸਕਦੀ, ਫੇਰ ਇਸ ਦੀ ਚਿੰਤਾ ਕਿਉਂ ਕੀਤੀ ਜਾਵੇ। 'ਨਾ ਕਿਸੇ ਨੂੰ ਡਰਾਉਣਾ ਤੇ ਨਾ ਕਿਸੇ ਤੋਂ ਡਰਨਾ' ਇਹ ਆਦਰਸ਼ ਆਪ ਨੇ ਸਮੁੱਚੇ ਜੀਵਨ ਵਿੱਚ ਅਪਣਾਈ ਰਖਿਆ। ਇਸੇ ਕਰਕੇ ਉਹ ਸਦਾ ਸ਼ਾਂਤ-ਚਿੱਤ ਰਹਿੰਦੇ ਸਨ। ਇਹੋ ਕਾਰਨ ਹੈ ਕਿ ਮਜ਼ਲੂਮਾਂ ਖਾਤਰ ਆਪਣੀ ਕੁਰਬਾਨੀ ਦੇਣ ਸਮੇਂ ਉਨ੍ਹਾਂ ਨੇ ਰਤਾ ਵੀ ਰੰਜ, ਮਲਾਲ ਜਾਂ ਗਮ ਨਹੀਂ ਕੀਤਾ ਸਗੋਂ ਖਿੜੇ ਮੱਥੇ ਸ਼ਹੀਦੀ ਦਿੱਤੀ। ਨਿਰਭੈ ਮਨੁੱਖ ਨੂੰ ਹੀ ਉਹ ਗਿਆਨੀ ਮੰਨਦੇ ਸਨ। ਉਹ ਆਪ ਬ੍ਰਹਮ ਗਿਆਨੀ ਸਨ, ਜਿਨ੍ਹਾਂ ਦੀ ਦ੍ਰਿਸ਼ਟੀ ਸਮਸਰ ਸੀ, ਜੋ ਦੁਖ-ਸੁਖ, ਮਾਨ-ਅਪਮਾਨ, ਹਰਖ-ਸੋਗ ਵਿੱਚ ਇਕ ਸਮਾਨ ਰਹਿ ਕੇ ਸਾਡੇ ਲਈ ਪੂਰਨੇ ਪਾ ਗਏ। ਇਸ ਬਾਰੇ ਉਨ੍ਹਾਂ ਆਪਣੀ ਰਚਨਾ ਵਿੱਚ ਥਾਂ-ਥਾਂ ਬਿਆਨ ਕੀਤਾ ਹੈ, ਜਿਵੇਂ-

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ*
*ਜਾ ਕੈ ਕੰਚਨ ਮਾਟੀ ਮਾਨੈ॥੧॥ਰਹਾਉ॥*
*ਨਹ ਨਿੰਦਿਆ ਨਹ ਉਸਤਤਿ*
*ਜਾ ਕੈ ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ॥ ਅੰਗ - ੬੩੩*

*ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ॥*
*ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ॥*
*ਅੰਗ - ੧੩੫੩*

*ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥*
*ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥*
*ਅੰਗ - ੧੪੨੬*

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*
*ਅੰਗ - ੧੪੨੭*

ਗੁਰੂ ਸਾਹਿਬ ਦੇ ਸਾਹਮਣੇ ਉਨ੍ਹਾਂ ਦੇ ਪਿਆਰੇ ਸਿੱਖ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤੇ ਗਏ, ਪਰ ਆਪ ਸਦਾ ਦੀ ਤਰ੍ਹਾਂ ਅਡੋਲ ਤੇ ਸ਼ਾਂਤ ਚਿੱਤ ਰਹੇ। ਆਪ ਨੇ ਕਿਸੇ ਨੂੰ ਕੌੜਾ ਸ਼ਬਦ ਨਹੀਂ ਆਖਿਆ, ਸ਼ਰਾਪ ਨਹੀਂ ਦਿੱਤਾ, ਸਗੋਂ ਆਪਣੀ ਸ਼ਹੀਦੀ ਵੀ ਅਡੋਲ ਰਹਿ ਕੇ ਦਿੱਤੀ। ਸਮ ਦ੍ਰਿਸ਼ਟੀ ਵਾਲੇ ਮਹਾਂ ਪੁਰਸ਼ਾਂ ਲਈ ਹਰਖ-ਸੋਗ ਨਹੀਂ ਹੁੰਦਾ, ਉਹ ਕਿਸੇ ਨੂੰ ਵੀ ਵੈਰੀ ਨਹੀਂ ਸਮਝਦੇ। ਆਪਨੇ ਰਜ਼ਾ ਵਿੱਚ ਰਾਜ਼ੀ ਰਹਿ ਕੇ ਆਪਣਾ ਬਚਨ ਸਿੱਧ ਕਰ ਵਿਖਾਇਆ -

*ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੫॥*

ਗੁਰੂ ਸਾਹਿਬ ਨੂੰ ਅਕਾਲ ਪੁਰਖ ਦੀ ਸਰਬ-ਵਿਆਪਕਤਾ ਉਤੇ ਪੂਰਨ ਨਿਸ਼ਚਾ ਸੀ। ਇਸੇ ਲਈ ਉਹ ਵਾਹਿਗੁਰੂ ਨੂੰ ਸਰਬਤ ਵਿਚ ਰਵਿਆ ਮੰਨ ਕੇ ਬਾਹਰ ਖੋਜਣ ਦੀ ਕ੍ਰਿਆ ਨੂੰ ਗਲਤ ਕਹਿੰਦੇ ਫੁਰਮਾਉਂਦੇ ਹਨ -

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੨॥ ਰਹਾਉ॥ ਅੰਗ - ੬੮੪*

ਆਪ ਦਾ ਇਹ ਵਿਚਾਰ ਵੀ ਹੈ ਕਿ ਜੋ ਵਿਅਕਤੀ ਮੋਹ-ਮਮਤਾ, ਲੋਭ, ਅਹੰਕਾਰ ਆਦਿ ਨੂੰ ਤਿਆਗ ਸਕਦਾ ਹੈ, ਉਹ ਹੀ ਸਫਲਤਾ ਪ੍ਰਾਪਤ ਕਰਕੇ ਦੂਜਿਆਂ ਦਾ ਉਧਾਰ ਕਰ ਸਕਦਾ ਹੈ। ਮੋਹ-ਮਾਇਆ ਦਾ ਤਿਆਗ ਆਪਦਾ ਜੀਵਨ ਆਦਰਸ਼ ਹੈ -

*ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥*
*ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥੨੨॥*
*(ਸਲੋਕ ਮਹਲਾ ੯)*

ਗੁਰੂ ਸਾਹਿਬ ਦਾ ਚਰਿੱਤਰ ਬੜਾ ਹੀ ਵਚਿੱਤਰ ਤੇ ਅਲੌਕਿਕ ਹੈ। ਉਹ ਸੁਭਾਅ ਦੇ ਸ਼ਾਂਤ ਤੇ ਵੈਰਾਗਵਾਨ ਹੁੰਦੇ ਹੋਏ ਵੀ ਤੇਗ ਦੇ ਧਨੀ ਸਨ।ਕਰਤਾਰਪੁਰ ਦੀ ਲੜਾਈ ਵਿੱਚ ਬੀਰਤਾ ਵਿਖਾਉਣ ਬਦਲੇ ਆਪ ਨੇ ਆਪਣੇ ਪਿਤਾ ਜੀ ਤੋਂ ਤੇਗ਼ ਬਹਾਦਰ' ਦੀ ਉਪਾਧੀ ਪ੍ਰਾਪਤ ਕੀਤੀ। ਆਪ ਜੀ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ। ਆਪ ਵੀਹ ਸਾਲ ਦੇ ਲੰਮੇ ਸਮੇਂ ਲਈ ਕਰਮ-ਖੇਤਰ ਚੋਂ ਲਾਂਭੇ ਰਹੇ। ਕਈ ਇਤਿਹਾਸਕਾਰਾਂ ਨੇ ਗੁਰੂ ਜੀ ਦਾ ਵੈਰਾਗਮਈ ਸੁਭਾਅ ਵੇਖ ਕੇ ਲਿਖਿਆ ਹੈ ਕਿ ਉਹ ਦੁਨੀਆਂ ਤੋਂ ਅਲੇਪ ਤੇ ਇਕਾਂਤ ਰਹਿ ਕੇ ਜੀਵਨ ਬਤੀਤ ਕਰ ਰਹੇ ਸਨ। ਪਰ ਗੱਲ ਅਸਲ

ਵਿੱਚ ਇਹ ਜਾਪਦੀ ਹੈ ਕਿ ਆਪ ਸੋਚਵਾਨ ਤੇ ਇਕਾਂਤਵਾਸੀ ਜ਼ਰੂਰ ਸਨ ਪਰ ਆਪਣੇ ਕਰੱਤਵ ਤੋਂ ਅਵੇਸਲੇ ਨਹੀਂ ਸਨ। ਬਕਾਲੇ ਵਿੱਚ ਬਿਤਾਏ ਵੀਹ ਸਾਲ ਆਪ ਨੇ ਉਪਰਾਮਤਾ ਵਿੱਚ ਹੀ ਨਹੀਂ ਬਿਤਾਏ, ਸਗੋਂ ਉਹ ਘਰੋਗੀ-ਫੁੱਟ ਤੇ ਦੇਸ਼ ਦੀ ਤਰਸਯੋਗ ਹਾਲਤ ਨੂੰ ਵਾਚਦੇ ਰਹੇ ਤੇ ਆਉਣ ਵਾਲੇ ਸਮੇਂ-ਲਈ ਯੋਜਨਾ ਤਿਆਰ ਕਰਦੇ ਰਹੇ। ਉਹ ਸਮਝਦੇ ਸਨ ਕਿ ਅਜਿਹੀ ਹਾਲਤ ਵਿੱਚ ਜੇ ਲੋਕ ਬਹੁਤਾ ਚਿਰ ਰਹੇ ਤਾਂ ਉਹਨਾਂ ਅੰਦਰ ਹੀਣ-ਭਾਵ ਪੈਦਾ ਹੋ ਜਾਵੇਗਾ ਤੇ ਫਲਸਰੂਪ ਜ਼ੁਲਮ ਦੀ ਹੋਰ ਚੜ੍ਹ ਮੱਚੇਗੀ ਪਰ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥' ਕਹਿਣ ਵਾਲੇ ਸਤਿਗੁਰੂ ਭਲੀ-ਭਾਂਤ ਸਮਝਦੇ ਸਨ ਕਿ ਜੇਕਰ ਜਬਰ ਦਾ ਟਾਕਰਾ ਸਬਰ ਨਾਲ ਬਹੁਤਾ ਚਿਰ ਨਾ ਹੋ ਸਕੇ ਤਾਂ ਕੁਰਬਾਨੀ ਹੀ ਇੱਕ ਐਸਾ ਢੰਗ ਹੈ, ਜਿਸ ਨਾਲ ਮੁਰਦਾ ਰੂਹਾਂ ਵਿੱਚ ਨਵਾਂ ਜੀਵਨ ਪੈਦਾ ਕੀਤਾ ਜਾ ਸਕਦਾ ਹੈ। ਉਹ 'ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਏ' ਦੇ ਦ੍ਰਿੜ ਵਿਸ਼ਵਾਸੀ ਸਨ। ਆਪ ਨੇ ਆਪਣੇ ਜੀਵਨ ਦਾ ਬਹੁ-ਮੁੱਲਾ ਸਮਾਂ ਬਕਾਲੇ ਬੈਠ ਕੇ ਆਉਣ ਵਾਲੇ ਸਮੇਂ ਲਈ ਯੋਜਨਾ ਤਿਆਰ ਕੀਤੀ। ਆਪ ਨੇ ਹਾਲਾਤ ਦਾ ਜਾਇਜ਼ਾ ਲੈ ਕੇ ਲੋੜੀਂਦਾ ਮਨਸੂਬਾ ਤਿਆਰ ਕੀਤਾ। ਗੁਰ-ਗੱਦੀ ਤੇ ਬਿਰਾਜਮਾਨ ਹੋਣ ਉਪ੍ਰੰਤ ਸਿੱਖ- ਜਥੇਬੰਦੀ ਨੂੰ ਸੰਗਠਿਤ ਕਰਨ ਵੱਲੋਂ ਉਚੇਚਾ ਧਿਆਨ ਦਿੱਤਾ।

ਡਾ: ਖਜ਼ਾਨ ਸਿੰਘ ਨੇ ਲਿਖਿਆ ਹੈ, ਔਰੰਗਜ਼ੇਬ ਦੀ ਅਸਹਿਣਸ਼ੀਲਤਾ ਦੀ ਨੀਤੀ ਤੇ ਨਿਰਦੋਸ਼ ਲੋਕਾਂ ਉਤੇ ਕੀਤੇ ਜਾਂਦੇ ਜ਼ੁਲਮਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਕੋਮਲ ਹਿਰਦੇ ਤੇ ਕਰੜੀ ਸੱਟ ਮਾਰੀ ਤੇ ਉਨ੍ਹਾਂ ਨੇ ਨਿਰਦੋਸ਼ ਲੋਕਾਂ ਦੇ ਵਾਸਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਦਾ ਮਨ ਬਣਾ ਲਿਆ।

ਆਪ ਜੀ ਨੇ ਲੋਕਾਂ ਦੇ ਦਿਲਾਂ ਅੰਦਰ ਧਾਰਮਿਕ ਆਜ਼ਾਦੀ ਲਈ ਉਤਸ਼ਾਹ ਪੈਦਾ ਕਰ ਦਿੱਤਾ। ਜ਼ਾਲਮ ਨੌਕਰਸ਼ਾਹੀ ਇਹ ਸਹਿਣ ਨਾ ਕਰ ਸਕੀ ਤੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ਗਿਆ। ਆਪ ਉਤੇ ਅਣ-ਮਨੁੱਖੀ ਅਤਿਆਚਾਰ ਕੀਤੇ ਗਏ ਤੇ ਅੰਤ ਆਪ ਜੀ ਨੂੰ ੧੬੭੫ ਵਿੱਚ ਚਾਂਦਨੀ ਚੌਕ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਜਿਨ੍ਹਾਂ ਧਾਰਮਿਕ ਚਿੰਨ੍ਹਾਂ ਵਿੱਚ ਆਪ ਕੋਈ ਵਿਸ਼ਵਾਸ ਨਹੀਂ ਸਨ ਰੱਖਦੇ, ਉਨ੍ਹਾਂ ਚਿੰਨ੍ਹਾਂ ਦੀ ਖਾਤਰ ਆਪ ਨੇ ਸ਼ਹੀਦੀ ਦੇ ਕੇ ਸਿੱਧ ਕਰ ਦਿੱਤਾ ਕਿ ਆਪ ਮਜ਼ਲੂਮਾਂ ਦੇ ਸਹਾਇਕ ਸਨ। ਇਹ ਸ਼ਹੀਦੀ ਹਿੰਦੂਆਂ ਦੇ ਧਾਰਮਿਕ ਹੱਕਾਂ ਦੀ ਆਜ਼ਾਦੀ ਲਈ ਕੀਤੀ ਗਈ ਲਾ-ਜਵਾਬ ਕੁਰਬਾਨੀ ਸੀ। ਅੱਜ ਤੱਕ ਕਿਸੇ ਨੇ ਇਹ ਨਹੀਂ ਸੀ ਸੁਣਿਆ ਕਿ ਮਕਤੂਲ ਆਪ ਚੱਲ ਕੇ ਕਾਤਲ ਪਾਸ ਗਿਆ ਹੋਵੇ, ਪਰ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦੀ ਦੇਣ ਲਈ ਆਪ ਅਨੰਦਪੁਰ ਤੋਂ ਦਿੱਲੀ ਪੁੱਜੇ ਸਨ। ਆਪ ਦੀ ਇਸ ਲਾਸਾਨੀ ਕੁਰਬਾਨੀ ਸਦਕਾ ਹੀ ਸਿੱਖ ਅਰਦਾਸ ਵਿਚ ਉਨ੍ਹਾਂ ਬਾਰੇ ਵਿਸ਼ੇਸ਼ ਸ਼ਬਦਾਂ ਦਾ ਉਲੇਖ ਇਸ ਤਰ੍ਹਾਂ ਕੀਤਾ ਗਿਆ ਹੈ -

***ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ਸਭ ਥਾਈਂ ਹੋਇ ਸਹਾਇ।***

ਗੁਰੂ ਤੇਗ ਬਹਾਦਰ ਸਾਹਿਬ ਮਾਨਸਿਕ ਤੌਰ ਤੇ ਨਿਡਰ ਸੂਰਮੇ ਸਨ। ਆਪ ਦਾ ਜੀਵਨ ਅਨੁਭਵ ਬਹੁਤ ਡੂੰਘਾ ਤੇ ਵਿਸ਼ਾਲ ਸੀ। ਉਹ ਵਿਸ਼ੇਸ਼ ਤੇ ਵਿੱਲਖਣ, ਗੰਭੀਰ ਸੁਭਾਅ ਵਾਲੇ, ਭਗਤੀਰਸ ਨਾਲ ਓਤ ਪੋਤ, ਮੋਹ-ਮਾਇਆ ਤੋਂ ਨਿਰਲੇਪ, ਸਾਦਾ-ਮਿਜ਼ਾਜ਼, ਨਿਰਭੈ ਤੇ ਅਡੋਲ, ਸੂਰਬੀਰ, ਤੇਗ ਦੇ ਧਨੀ, ਧਰਮ-ਰਖਿਅਕ, ਦੁੱਖ-ਸੁੱਖ ਤੇ ਈਰਖਾ-ਦਵੈਤ ਤੋਂ ਮੁਕਤ, ਪਰਉਪਕਾਰੀ, ਮਾਨਵ-ਹਿਤਕਾਰੀ, ਕਵੀ ਸ਼ਾਂਤੀ ਦੇ ਦੂਤ ਤੇ ਕੁਰਬਾਨੀ ਦੇ ਪੁੰਜ ਸਨ।

ਐਸੇ ਸਤਿਗੁਰੂ ਜੀ ਦਾ ਜਨਮ ੧੬੨੧ ਵਿੱਚ ਮਾਤਾ ਨਾਨਕੀ ਜੀ ਦੀ ਕੁਖੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਗ੍ਰਹਿ ਵਿਖੇ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਚ ਹੋਇਆ। ਆਪ ਦੀ ਸ਼ਾਦੀ ਕਰਤਾਰਪੁਰ ਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਨਾਲ ੧੬੩੩ ਵਿੱਚ ਹੋਈ। ੧੬੪੪ ਵਿੱਚ ਉਹ ਆਪਣੇ ਮਾਤਾ ਜੀ ਤੇ ਸਪੁਤਨੀ ਨਾਲ ਬਕਾਲੇ ਪਿੰਡ ਆ ਗਏ, ਜਿਥੇ ਆਪ ਨੇ ੨੦ ਸਾਲ ਚਿੰਤਨ ਤੇ ਤਪਸਿਆ ਕੀਤੀ।੧੬੬੪ ਵਿੱਚ ਆਪ ਜੀ ਬਾਬਾ ਬਕਾਲੇ' ਦੇ ਵਾਕ ਅਨੁਸਾਰ ਗੁਰ-ਗੱਦੀ ਉਤੇ ਬਿਰਾਜਮਾਨ ਹੋਏ।੧੬੬੬ ਵਿੱਚ ਪਟਨਾ (ਬਿਹਾਰ) ਦੇ ਸਥਾਨ ਤੇ ਆਪਦੇ ਘਰ ਸਹਿਬਜ਼ਾਦਾ ਗੋਬਿੰਦ ਰਾਏ ਨੇ ਜਨਮ ਲਿਆ। ੧੬੭੫ ਵਿੱਚ ਆਪ ਨੇ ਚਾਂਦਨੀ ਚੌਕ ਦਿੱਲੀ ਵਿਖੇ ਹਿੰਦੂ ਧਰਮ ਦੀ ਖਾਤਰ ਆਪਣਾ ਬਲੀਦਾਨ ਦਿੱਤਾ। ਆਪ ਜੀ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ ਕਿਉਂਕਿ ਆਪਨੇ ਹਿੰਦੂ ਧਰਮ ਦੀ ਰੱਖਿਆ ਕੀਤੀ ਸੀ। ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਆਪਣਾ ਬਲੀਦਾਨ ਦਿੱਤਾ ਸੀ। ਸਮੁੱਚੇ ਭਾਰਤ ਤੇ ਖਾਸ ਕਰਕੇ ਕਸ਼ਮੀਰੀ ਬ੍ਰਾਹਮਣਾਂ ਦਾ ਫਰਜ਼ ਬਣਦਾ ਹੈ ਕਿ ਉਹ ਗੁਰੂ ਸਾਹਿਬ ਦੀ ਕੀਤੀ ਲਾਸਾਨੀ ਕੁਰਬਾਨੀ ਨੂੰ ਸਦਾ ਚੇਤੇ ਰੱਖ ਕੇ ਆਪਦੇ ਦੱਸੇ ਮਾਰਗ ਤੇ ਚਲ ਕੇ ਆਪਣਾ ਕਲਿਆਣ ਵੀ ਕਰਨ ਤੇ ਸਿਰ ਉਤੇ ਚੜ੍ਹੇ ਕਰਜ਼ ਨੂੰ ਯਾਦ ਵੀ ਰੱਖਣ।

# ਅੰਮ੍ਰਿਤਧਾਰੀ ਸਿੰਘਾਂ ਦਾ ਸਜਾਇਆ ਗੁਰੂ ਕਾ ਲੰਗਰ

*[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]*

ਅੰਮ੍ਰਿਤਧਾਰੀ ਸਿੰਘ ਸੱਜਣ ਖਾਲਸਾ ਵੀਰ ਦੇ ਰੋਮ ਰੋਮ ਵਿਚੋਂ ਅੰਮ੍ਰਿਤ ਨਾਮ ਦੇ ਫੁਹਾਰੇ ਛੁਟਦੇ ਹਨ। ਓਸ ਦੇ ਰਿਦੰਤਰੀ ਤਹਿਖਾਨੇ ਅੰਦਰਿ ਸਤੁ ਸੰਤੋਖ ਦੀ ਵਾਸ-ਸੁਗੰਧੀ ਮਹਿਕਦੀ ਹੈ। ਉਸਦੇ ਸੇਵਾ ਪੁਰਸ਼ਾਰਥੀ ਅਤੇ ਉਦਮੀ ਸੁਭਾਵ ਅੰਦਰ ਸਦਾ ਚੜ੍ਹਦੀ ਕਲਾ ਵਾਲਾ ਆਤਮ-ਰੰਗੀ-ਉਤਸ਼ਾਹ ਠਾਠਾਂ ਮਾਰਦਾ ਹੈ। ਉਸਦੇ ਅੰਮ੍ਰਿਤ ਬੁਕੜੇ ਨੂਰਾਨੀ ਮੁਖਾਰਬਿੰਦ ਤੋਂ ਅੰਮ੍ਰਿਤ ਬਾਣੀ ਦੀ ਬਰਖਾ ਦੇ ਫੁਹਾਰੇ ਛੁਟਦੇ ਹਨ। ਉਸਦੀ ਸਾਰੀ ਪ੍ਰੇਮ-ਮਗਨ- ਆਨੰਦੀ ਦਸ਼ਾ ਦਾ ਪ੍ਰਸਿੱਧ (ਅਕਸ, ਪ੍ਰਭਾਵ-ਤਿਆਰੀ ਦੀ ਘਾਲਨਾ ਉਪਰ ਅਜਿਹਾ ਪੈਂਦਾ ਹੈ ਕਿ ਉਸਦੀ ਬਿਬੇਕ-ਘਾਲ ਦਾ ਸਜਿਆ ਪ੍ਰਸ਼ਾਦ ਸਚ ਮੁਚ ਸਤੋਗੁਣੀਆ ਅੰਮ੍ਰਿਤ ਭੋਜਨ ਬਣ ਜਾਂਦਾ ਹੈ। ਜਿਨ੍ਹਾਂ ਨੇ ਇਸ ਨੂੰ ਚਖਿਆ ਹੈ ਸੋਈ ਇਸਦੀ ਸਾਰ ਜਾਣਦੇ ਹਨ। ਅਜਿਹਾ ਪ੍ਰਸ਼ਾਦੁ ਭੋਜਨੁ ਬਿਬੇਕ ਪ੍ਰਸ਼ਾਦ' ਦੇ ਨਾਉਂ ਨਾਲ ਪਰਸਿਧ ਹੈ। ਇਹ ਬਿਬੇਕ-ਪ੍ਰਸ਼ਾਦ ਕੇਵਲ ਗੁਰੂ ਕੇ ਲੰਗਰਾਂ ਵਿਚ ਸਜਦਾ ਹੈ। ਐਸਾ ਭੋਜਨ-ਪ੍ਰਸ਼ਾਦ ਕੇਵਲ ਗੁਰੂ ਘਰ ਦੇ ਸਿੰਘ ਸੁਚਨਾ ਬਿਬੇਕੀ ਜਨਾਂ ਦੀ ਘਾਲੀ ਬਿਬੇਕ ਘਾਲ ਤੋਂ ਸਜ ਸਕਦਾ ਹੈ। ਗੁਰੂ ਕੇ ਬਿਬੇਕੀ ਦਾ ਬਿਬੇਕ ਬਿੰਜਨ-ਅਸਥਾਨ ਜਿਥੇ ਭੀ ਹੈ, ਉਹ ਗੁਰੂ ਕਾ ਲੰਗਰ ਹੈ।

ਗੁਰੂ ਕਾ ਲੰਗਰ ਸੋ ਹੈ ਜਿਥੋਂ ਆਤਮ-ਗਉਣੀ ਅਭਿਆਗਤ ਵਰੋਸਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ, ਜਿਥੋਂ ਅਧਿਕਾਰੀ ਖੁਧਿਆਵੰਤ ਅਹਾਰੁ ਪਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ ਜਿਥੋਂ ਅਹਾਰ ਪਾ ਕੇ ਪਰਮ ਤ੍ਰਿਸ਼ਨਾਲੂ ਭੀ ਤ੍ਰਿਪਤਾਉਂਦੇ ਹਨ; ਗੁਰੂ ਕਾ ਲੰਗਰ ਸੋ ਹੈ ਜਿਥੇ ਗੁਰੂ ਕੀਆਂ ਸੰਗਤਾਂ ਦੀਆਂ ਪੰਗਤਾਂ ਲਗਦੀਆਂ ਹਨ। ਗੁਰੂ ਕਾ ਲੰਗਰ ਸੋ ਹੈ ਜਿਥੇ ਗੱਫੇ ਲਾ ਕੇ ਗੁਰ ਕੀ ਹੋਣਹਾਰੀ ਪਨੀਰੀ ਗੁਰੂ ਕੀ ਹੀ ਹੋ ਰਹਿੰਦੀ ਹੈ। ਪਰ ਗੁਰੂ ਕਾ ਲੰਗਰ ਸੋ ਹੈ ਜਿਥੇ ਕੇਵਲ ਗੁਰੂ ਕੀਆਂ ਤਿਆਰ-ਬਰ-ਤਿਆਰ ਫ਼ੌਜਾਂ ਹੀ ਲੰਗਰ ਸਜਾਉਂਦੀਆਂ ਹਨ। ਜਿਸ ਲੰਗਰ ਵਿਖੇ ਗੁਰੂ ਕੇ ਰਹਿਤਵਾਨ ਬਿਬੇਕੀ ਸਿੰਘ ਆਪਣੀ ਬਿਬੇਕ-ਘਾਲਨਾ ਦੁਆਰਾ ਘਾਲਿਆ ਰਹਿਤ ਬਹਿਤ ਦਾ ਬਿਬੇਕ ਪ੍ਰਸ਼ਾਦ ਨਹੀਂ ਤਿਆਰ ਕਰਦੇ, ਓਹ ਗੁਰੂ ਕਾ ਲੰਗਰ ਕੇਹਾ? ਗੁਰੂ ਕਾ ਲੰਗਰ ਸੋ ਹੈ ਜਿਥੇ ਪ੍ਰਸ਼ਾਦ ਦੇ ਸਜਾਵੇ ਤੇ ਵਰਤਾਵੇ ਗੁਰੂ ਕੇ ਸਿੰਘ ਹੋਣ। ਗੁਰੂ ਕਾ ਲੰਗਰ ਸੋ ਹੈ ਜਿਥੇ 'ਸਤੀ ਦੇਇ ਸੰਤੋਖੀ ਖਾਇ' ਵਾਲਾ ਵਰਤਾਰਾ ਵਰਤਦਾ ਹੋਵੇ। ਗੁਰੂ ਕਾ ਲੰਗਰ ਜੋ ਹੈ ਜਿਥੋਂ ਲੰਗਰ ਦੇ ਸੇਵਾਦਾਰ ਸਾਰੇ ਤਿਆਰ-ਬਰ-ਤਿਆਰ ਰਹਿਤਵਾਨ ਸਿੰਘ ਸੁਜਾਨ ਹੋਣ।

'ਸੇਵਕ ਕਉ ਸੇਵਾ ਬਨਿ ਆਈ' ਗੁਰਵਾਕ ਦੇ ਭਾਵ ਅਨੁਸਾਰ ਬਿਨਾਂ ਗੁਰੂ ਘਰ ਦੇ ਸੇਵਕਾਂ ਦੇ ਗੁਰੂ ਕੇ ਲੰਗਰ ਦੀ ਸੇਵਾ ਦੀ ਸਾਰ ਹੀ ਹੋਰ ਕਿਸੇ ਨੂੰ ਕੀ?

ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਘਰ ਦਾ ਨਿਰਮਾਣ ਸੇਵਕ ਹੋਵੇ। ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੇ ਗੁਰੂ ਕੀ ਸੰਗਤਾਂ ਵਿਖੇ ਗੁਰੂ ਰੂਪ ਹੀ ਦੇਖੇ। ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ, ਜਿਸ ਦੀ ਸਮਦ੍ਰਿਸ਼ਟੀ ਊਚ ਨੀਚ ਉੱਤੇ ਸਮਾਨ ਹੋਵੇ। ਗੁਰੂ ਕੀ ਸੇਵਾ ਜੋ ਸੰਗਤਾਂ ਦੀ ਸੇਵਾ ਵਿਚ ਸਮਝੇ, ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਸ. ਪੂਰਨ ਧਰਮੀ ਗੁਰਮਤਿ-ਧਾਰੀ ਗੁਰੂ ਕਾ ਆਗਿਆਕਾਰੀ ਸਿੰਘ ਸੁਜਾਨ ਹੁੰਦੇ ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਗੁਰ ਕੇ ਲੰਗਰ ਵਿਚ ਉੱਚ ਆਤਮ-ਵਿਵਸਥਾ ਦੇ ਖਿਡਾਰੀ ਕਲਾਧਾਰੀ ਸਿੰਘਾਂ ਤੋਂ ਬਿਨਾਂ ਸਾਮਾਨ ਸਾਧਾਰਨ ਰਹਿਤ ਰਹਿਣੀ ਵਾਲੇ ਹੁਕਮਾਂ ਦੇ ਕਮਾਵਣਹਾਰੇ ਤਿਆਰ-ਬਰ-ਤਿਆਰ ਸਿੰਘ ਭੀ ਸੇਵਾ ਦਾ ਅਧਿਕਾਰ ਰਖਦੇ ਹਨ।

ਪ੍ਰੰਤੂ ਇਸ ਰਹਿਤ ਰਹਿਣੀ, ਅਰਥਾਤ, ਅੰਮ੍ਰਿਤ ਛਕਣ ਦੇ ਸਮੇਂ ਦੀ ਰਹਿਤ ਰਹਿਣੀ ਭਾਵ ਸਤਿਗੁਰ ਕੈ ਜਨਮੈ ਗਵਨੁ ਮਿਟਾਇਆ। ਗੁਰਵਾਕ ਦੇ ਭਾਵ ਅਨੁਸਾਰ ਗੁਰੂ ਘਰ ਵਿਖੇ ਜਨਮ ਲੈਣ ਸਮੇਂ ਦੇ ਦ੍ਰਿੜ੍ਹਾਏ ਹੁਕਮਾਂ ਦੀ ਕਮਾਈ ਵਾਲੀ ਰਹਿਤ ਰਹਿਣੀ ਤੋਂ ਪਰੇ ਹੋਏ ਡਿਗੇ ਹੋਏ ਤਨਖਾਖੀਆ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਨਹੀਂ, ਜਦ ਤੀਕ ਕਿ ਉਹ ਤਨਖ਼ਾਹ ਨਾ ਬਖ਼ਸ਼ਾ ਲੈਣ ਅਤੇ ਉਹਨਾਂ ਦੀ ਲੰਗਰ ਦੀ ਸੇਵਾ ਹਿਤ ਤਿਆਰ-ਬਰ-ਤਿਆਰੀ ਦਾ ਅਰਦਾਸਾ ਨਾ ਸੁਧ ਜਾਵੇ।

ਜਦੋਂ ਗੁਰੂ ਘਰ ਵਿਖੇ ਆ ਕੇ, ਜਨਮ ਕੇ, ਫੇਰ ਤਨਖਾਹੀ ਹੋਣ ਵਾਲਿਆਂ ਦਾ ਕੋਈ ਹੱਕ ਅਧਿਕਾਰ ਗੁਰੂ ਕੇ ਲੰਗਰ ਦੀ ਸੇਵਾ ਲਈ ਨਹੀਂ ਹੋ ਸਕਦਾ, ਤਦੋਂ ਗੁਰਮਤਿ ਤੋਂ ਘੁਥੇ ਉਕੇ ਅਨਮਤੀਆਂ ਅਤੇ ਬੇਧਰਮੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਕਦੋਂ ਹੋ ਸਕਦਾ ਹੈ? ਉਹ ਕੀ ਜਾਨਣ ਸਾਰ ਗੁਰੂ ਕੇ ਲੰਗਰ ਦੀ ਸੇਵਾ ਦੀ, ਜੋ ਧਰਮ-ਹੀਣੇ ਨਿਗੁ ਅਨਮਤੀ ਹਨ। ਗੁਰੂ ਕੇ ਲੰਗਰ ਦੀ ਸੇਵਾ ਲਈ ਗੁਰੂ ਕੇ ਸਿੱਖਾਂ ਦੀ ਮੋਹਰ-ਛਾਪ ਹੈ। ਨਹੀਂ ਤਾਂ ਉਹ ਗੁਰੂ ਕਾ ਲੰਗਰ ਨਹੀਂ, ਮਿਲਗੋਭਾ ਲੰਗਰ ਹੈ। ਗੁਰੂ ਕਾ ਲੰਗਰ ਗੁਰੂ ਕਾ ਨਹੀਂ, ਜਿਸ ਦੇ ਸੇਵਕਾਂ-ਸਿਰ ਗੁਰੂ ਕੀ ਮੋਹਰ ਛਾਪ ਨਹੀਂ। ਸਤਿਗੁਰ ਨਾਨਕ ਦਸਮੇਸ਼ ਜੀ ਦੇ ਘਰ ਤੋਂ ਬਾਹਰ ਜੋ ਭੀ ਲੰਗਰ ਹਨ ਸੋ ਗੁਰੂ ਲੰਗਰ ਨਹੀਂ ਕਹਾ ਸਕਦੇ।

***ਸਤਿਗੁਰ ਬਾਝਹੁ ਗੁਰੁ ਨਹੀ ਕੋਈ***
***ਨਿਗੁਰੇ ਕਾ ਹੈ ਨਾਉ ਬੁਰਾ॥੧੩॥ ਅੰਗ - ੪੩੫***

ਜਿਨ੍ਹਾਂ ਗੁਰ ਘਰ ਵਿਖੇ ਗੁਰੂ ਕਾ ਖੰਡੇ ਦਾ ਅੰਮ੍ਰਿਤ ਛਕ ਗੁਰੂ ਧਾਰਨ ਨਹੀਂ ਕੀਤਾ, ਉਹ ਸਭ ਨਿਗੁਰੇ ਹਨ। ਨਿਗੁਰੇ ਗੁਰੂ ਕੇ ਲੰਗਰ ਅੰਦਰ ਸ਼ਾਮਲ ਨਹੀਂ ਹੋ ਸਕਦੇ। ਜਿਥੇ ਨਿਗੁਰੇ ਸੇਵਾਦਾਰ ਹਨ ਉਹ ਮਿਲਗੋਭਾ ਲੰਗਰ ਹੈ, ਉਹ ਗੁਰੂ ਕਾ ਲੰਗਰ ਨਹੀਂ ਸਦਾ ਸਕਦਾ। ਧਰਮਹੀਣ ਗੁਰੂ ਕੇ ਲੰਗਰ ਦੀ ਸੇਵਾ ਨਹੀਂ ਕਰ ਸਕਦੇ। ਜਿਨ੍ਹਾਂ ਦੇ ਅੰਦਰ ਧਰਮ ਦੀ ਅੰਸ਼ ਹੀ ਨਹੀਂ, ਉਹਨਾਂ ਵਿਚ ਸੇਵਾ ਦੀ ਅੰਸ਼ ਹੀ ਨਹੀਂ ਹੋ ਸਕਦੀ। ਜਿਨ੍ਹਾਂ ਅੰਦਰ ਸੇਵਾ ਦੀ ਅੰਸ਼ ਹੀ ਨਹੀਂ, ਉਹਨਾਂ ਨੂੰ ਸੇਵਾ ਦਾ ਅਧਿਕਾਰ ਨਹੀਂ ਹੋ ਸਕਦਾ। ਸੇਵਾ ਕੇਵਲ ਸੇਵਕ ਨੂੰ ਹੀ ਬਣਿ ਆਈ ਹੈ, ਜਿਸ ਨੇ *'ਹੁਕਮੁ ਬੁਝਿ ਪਰਮ ਪਦੁ ਪਾਈ'* ਗੁਰਵਾਕ ਦੇ ਭਾਵ ਅਨੁਸਾਰ -ਹੁਕਮ ਬੁਝ ਕੇ ਹੀ ਸੇਵਕ ਦੀ ਪਦਵੀ ਪਾਈ ਹੋਵੈ। ਜਿਨ੍ਹਾਂ ਨੇ ਹੁਕਮਨ ਸਿਰ ਹੁਕਮੁ 'ਏਕੋ ਹੁਕਮੁ ਨਹੀਂ ਬੁਝਿਆ, ਜੋ ਗੁਰ ਸਤਿਗੁਰ ਦੀਆ ਬੁਝਾਇ ਜੀਉ' ਦੇ, ਭਾਵ ਅਨੁਸਾਰ ਕੇਵਲ ਸਤਿਗੁਰ ਦੁਆਰਾ ਨਿਗੁਰੇ ਤੋਂ ਹੋਇਆਂ ਹੀ ਬੁਝਿਆ ਜਾ ਸਕਦਾ ਹੈ। ਜਿਨ੍ਹਾਂ ਨੇ ਸਤਿਗੁਰ ਦਸਮੇਸ਼ ਜੀ ਦਾ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਜਣ ਵਾਲਾ ਹੁਕਮ ਨਹੀਂ ਬੁਝਿਆ (ਮੰਨਣਾ ਤਾਂ ਕਿਤੇ ਰਿਹਾ), ਉਹ ਸੇਵਕ ਦੀ ਪਦਵੀ ਨੂੰ ਕੀ ਬੁਝ ਸਕਦੇ ਹਨ। ਉਹ ਗੁਰੂ ਕੇ ਲੰਗਰ ਦੀ ਸੇਵਾ ਲਈ ਕੀ ਝੀਂਗਾਂ ਮਾਰ ਸਕਦੇ ਹਨ। ਹੁਕਮ ਉਹਨਾਂ ਨੇ ਬੁਝਿਆ ਹੈ ਜਿਨ੍ਹਾਂ ਹੁਕਮ ਨੂੰ ਕਮਾਇਆ ਹੈ। ਅੰਮ੍ਰਿਤ ਛਕ ਕੇ ਸਤਿਗੁਰੂ ਦੇ ਘਰ ਵਿਚਿ ਜਨਮਣ ਦਾ, ਗੁਰਮਤਿ ਮੰਡਲ ਵਿਚ ਆਉਣ ਦਾ ਹੁਕਮ ਹੀ ਜਿਸ ਨੇ ਨਹੀਂ ਕਮਾਇਆ, ਉਹ ਗੁਰੂ ਕੇ ਲੰਗਰ ਰੂਪੀ ਗੁਰਮਤਿ ਮੰਡਲੀ ਸੇਵਾ ਨੂੰ ਕੀ ਪੁੱਜ ਸਕਦੇ ਹਨ। ਹਾਂ, ਗੁਰੂ ਕੇ ਲੰਗਰ ਰੂਪੀ ਮੰਡਲ ਤੋਂ ਬਾਹਰ ਯਾਰਕਾਂ ਅਭਿਲਾਖੀਆਂ ਉਮੀਦਵਾਰਾਂ (ਕੇ ਜੀਉਣਾ) ਨੂੰ ਉਹਨਾਂ ਦੀ ਰਿਦੇ ਭੂਮਕਾ ਨੂੰ ਸੁਧ ਕਰਨ ਹਿਤ ਅਤੇ ਅੰਮ੍ਰਿਤ ਦੇ ਅਧਿਕਾਰੀ ਬਣਾਵਣ ਹਿਤ ਯਥਾ ਯੋਗ ਸੇਵਾ ਦਿਤੀ ਜਾ ਸਕਦੀ ਹੈ। ਪ੍ਰੰਤੂ ਜਦ ਤੀਕ ਉਹ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਨਾ ਸਜ ਜਾਣ, ਤਦ ਤੀਕ ਉਹਨਾਂ ਹਥੋਂ ਤਿਆਰ ਹੋਇਆ ਖਾਣਾ ਖਾਣਾ ਬਿਬੇਕੀ ਜਨ ਨੂੰ ਬਿਬਰਜਤ ਹੈ। ਕਿਉਂਕਿ ਜਦ ਤਾਈਂ ਉਹ ਅੰਮ੍ਰਿਤ ਛਕ ਕੇ ਖਾਲਸਾ ਧਰਮ (ਗੁਰਮਤਿ ਧਰਮ) ਧਾਰਨ ਨਹੀਂ ਕਰ ਲੈਂਦੇ, ਉਤਨਾ ਚਿਰ ਉਹ ਧਰਮਹੀਣ ਹਨ, ਅਨਮਤੀ ਹਨ। ਕਿਉਂਕਿ -

***ਏਕੋ ਧਰਮੁ ਦ੍ਰਿੜੈ ਸਚੁ ਕੋਈ॥***
***ਗੁਰਮਤਿ ਪੂਰਾ ਜੁਗਿ ਜੁਗਿ ਸੋਈ॥੪॥ ਅੰਗ - ੧੧੮੮***

ਗੁਰਵਾਕ ਦੇ ਭਾਵ ਅਨੁਸਾਰ ਕੇਵਲ (ਏਕ) ਗੁਰਮਤਿ ਧਰਮ ਹੀ ਸੱਚਾ ਧਰਮ ਹੈ, ਜੋ ਜੁਗੋ ਜੁਗ ਪੂਰਾ ਉਤਰਨਾ ਹੈ। ਗੁਰਮਤਿ ਧਰਮ ਤੋਂ ਬਿਨਾਂ ਹੋਰ ਕੋਈ ਧਰਮ ਨਹੀਂ, ਸੋ ਗੁਰਮਤਿ ਧਰਮ ਤੇ ਖਾਲਸਾ ਧਰਮ ਤੋਂ ਸੱਖਣੇ, ਸਭ ਹੀਣੇ ਨਿਗੁਰੇ ਬੇਦੀਨ ਹਨ। ਅਤੇ ਗੁਰੂ ਦਾ ਹੁਕਮ ਹੈ -

***ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥***
***ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥***
***ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥***
***ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ॥***
***ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ॥***
***ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥੧॥੧੪॥***
***ਅੰਗ - ੭੯੦***

ਭਾਵ-ਪ੍ਰਮਾਰਥ ਏਸ ਗੁਰ ਮਾਣ ਦਾ ਇਹ ਹੈ ਕਿ ਜਿਹੜੇ ਪੁਰਸ਼ ਚੋਰਾਂ, ਯਾਰਾਂ ਦੀ ਅਤੇ ਕੁਟਣੀਆਂ ਰੰਡੀਆਂ ਦੀ ਕੁਸੰਗ-ਮਜਲਸ ਜਾ ਕੇ ਬਹਿੰਦੇ ਹਨ ਅਤੇ ਜਿਹੜੇ ਬੇਦੀਨਾਂ

***(ਬਾਕੀ ਪੰਨਾ 32 'ਤੇ)***

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

*[ਭਾਈ ਨਰੈਣ ਸਿੰਘ ਜੀ]*

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਅਤੇ ਦੁਸ਼ਮਣਾਂ ਨਾਲ ਲੜਦੇ ਭਿੜਦੇ ਰਾਤ ਦੇ ਸਮੇਂ ਸਰਸਾ ਨਦੀ ਨੂੰ ਪਾਰ ਕੀਤਾ ਤਾਂ ਰਾਤ ਦੇ ਹਨੇਰੇ ਅਤੇ ਲੜਾਈ ਦੇ ਘਮਸਾਣ ਵਿਚ ਗੁਰੂ ਜੀ ਦੀ ਬਿਰਧ ਮਾਤਾ ਗੁਜਰੀ ਜੀ ਅਤੇ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ, ਗੁਰੂ ਜੀ ਅਤੇ ਹੋਰ ਸਿੱਖਾਂ ਤੋਂ ਨਿੱਖੜ ਗਏ। ਸਾਹਿਬ ਜ਼ੋਰਾਵਾਰ ਸਿੰਘ ਉਸ ਵੇਲੇ ਅੱਠ ਸਾਲ ਦੇ ਅਤੇ ਸਾਹਿਬ ਫਤਹਿ ਸਿੰਘ ਛੇ ਸਾਲ ਦੇ ਸਨ। ਇਨ੍ਹਾਂ ਦੇ ਨਾਲ ਤਦੋਂ ਗੰਗੂ ਬ੍ਰਾਹਮਣ ਸੀ, ਜੋ ਗੁਰੂ ਜੀ ਦਾ ਰਸੋਈਆ ਸੀ। ਗੰਗੂ ਦਾ ਪਿੰਡ ਸਹੇੜੀ ਇਥੋਂ ਨੇੜੇ ਹੀ, ਉਸ ਨੇ ਮਾਤਾ ਜੀ ਨੂੰ ਕਿਹਾ ਕਿ ਤੁਸੀਂ ਮੇਰੇ ਘਰ ਸਹੇੜੀ ਚਲੇ ਚਲੋ ਅਤੇ ਜਦੋਂ ਤਾਈਂ ਗੁਰ ਜੀ ਨਹੀਂ ਮਿਲ ਜਾਂਦੇ ਤੁਸੀਂ ਉਥੇ ਹੀ ਰਹੀ ਜਾਣਾ, ਮੈਂ ਹਰ ਤਰ੍ਹਾਂ ਤੁਹਾਡੀ ਸੇਵਾ ਕਰਾਂਗਾ। ਮਾਤਾ ਜੀ ਨੇ ਗੰਗੂ ਨੂੰ ਆਪਣਾ ਪੁਰਾਣਾ ਰਸੋਈਆ ਜਾਣ ਕੇ ਉਸ ਤੇ ਇਤਬਾਰ ਕੀਤਾ ਅਤੇ ਦੋਹਾਂ ਛੋਟੇ ਪੋਤਿਆਂ ਸਮੇਤ ਉਸ ਦੇ ਘਰ ਚਲੇ ਗਏ।

ਜਦੋਂ ਗੰਗੂ ਨੇ ਵੇਖਿਆ ਕਿ ਗੁਰੂ ਜੀ ਦੀ ਮਾਤਾ ਅਤੇ ਛੋਟੇ ਬੱਚੇ ਹੁਣ ਉਸ ਦੇ ਵਸ ਹਨ ਅਤੇ ਉਹ ਜੋ ਚਾਹੇ ਉਨ੍ਹਾਂ ਨਾਲ ਕਰ ਸਕਦਾ ਹੈ ਤਾਂ ਉਸ ਦੇ ਦਿਲ ਨੇ ਇਹ ਠਾਣ ਲਈ ਕਿ ਉਹ ਇਨ੍ਹਾਂ ਨੂੰ ਫੜਾ ਕੇ ਸਰਕਾਰ ਤੋਂ ਇਨਾਮ ਹਾਸਲ ਕਰੇਗਾ। ਉਸ ਦੇ ਪਿੰਡ ਦੇ ਲਾਗੇ ਹੀ ਪਠਾਣਾਂ ਦਾ ਪਿੰਡ ਮੋਰਿੰਡਾ ਸੀ। ਉਹ ਝਟ ਮੋਰਿੰਡਾ ਗਿਆ ਅਤੇ ਉਥੋਂ ਦੇ ਸਿਰਕਢ ਪਠਾਣਾਂ ਨੂੰ ਸਾਹਿਬਜ਼ਾਦਿਆਂ ਅਤੇ ਮਾਤਾ ਦੇ ਘਰ ਆਏ ਹੋਣ ਦੀ ਖ਼ਬਰ ਜਾ ਦਿਤੀ। ਪਠਾਣ ਬੜੇ ਖੁਸ਼ ਹੋਏ। ਉਨ੍ਹਾਂ ਨੇ ਗੰਗੂ ਦੇ ਘਰ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਰਹਿੰਦ ਲੈ ਜਾ ਕੇ ਉਨ੍ਹਾਂ ਨੂੰ ਸੂਬਾ ਵਜ਼ੀਰ ਖ਼ਾਨ ਦੇ ਪੇਸ਼ ਜਾ ਕੀਤਾ। ਸੂਬੇ ਨੇ ਉਨ੍ਹਾਂ ਨੂੰ ਠੰਢੇ ਬੁਰਜ ਅੰਦਰ ਬੰਦ ਕੀਤੇ ਜਾਣ ਦਾ ਹੁਕਮ ਦਿੱਤਾ ਅਤੇ ਉਨ੍ਹਾਂ ਪਰ ਸਖ਼ਤ ਪਹਿਰੇ ਲਗਾ ਦਿੱਤੇ। ਪੋਹ ਦੇ ਮਹੀਨੇ, ਜਦੋਂ ਵੈਸੇ ਹੀ ਸਰਦੀ ਦਾ ਜ਼ੋਰ ਹੁੰਦਾ ਹੈ, ਠੰਢੇ ਬੁਰਜ ਅੰਦਰ ਮਾਸੂਮ ਬੱਚਿਆਂ ਅਤੇ ਬਿਰਧ ਮਾਤਾ ਨੂੰ ਕੈਦ ਕਰ ਦੇਣਾ ਉਨ੍ਹਾਂ ਲਈ ਅਤਿ ਦੁਖਦਾਈ ਸੀ, ਪ੍ਰੰਤੂ ਜ਼ਾਲਮ ਸੂਬੇ ਨੂੰ ਅਜਿਹਾ ਕਰਨ ਤੋਂ ਕੌਣ ਰੋਕ ਸਕਦਾ ਸੀ?

ਵਜ਼ੀਰ ਖਾਨ ਸਮਝਦਾ ਸੀ ਕਿ ਸਾਹਬਜ਼ਾਦੇ ਕੈਦਖ਼ਾਨੇ ਦੀ ਸਖ਼ਤੀ ਅਤੇ ਉਸ ਦੇ ਭੈ ਤੋਂ ਘਬਰਾ ਕੇ ਆਪਣਾ ਧਰਮ ਹਾਰ ਦੇਣਗੇ ਅਤੇ ਜੇਕਰ ਉਨ੍ਹਾਂ ਨੇ ਕੇਸ ਕਟਵਾ ਕੇ ਮੁਸਲਮਾਨ ਬਣ ਜਾਣਾ ਮੰਨ ਲਿਆ ਤਾਂ ਦਿੱਲੀ ਦਰਬਾਰ ਵਿਚ ਉਸ ਦੀ ਬੜੀ ਇੱਜਤ ਹੋਵੇਗੀ ਅਤੇ ਉਨ੍ਹਾਂ ਦੇ ਵੇਖੋ-ਵੇਖੀ ਫਿਰ ਹੋਰ ਲੋਕ ਭੀ ਮੁਸਲਮਾਨ ਹੋ ਜਾਣਗੇ। ਇਸ ਲਈ ਉਸ ਨੇ ਅਗਲੇ ਯਾਨੀ ਕਿ ੨੪ ਦਸੰਬਰ ਦੇ ਦਿਨ ਸਾਹਿਬਜ਼ਾਦਿਆਂ ਨੂੰ ਉਸ ਦੀ ਕਚਹਿਰੀ ਪੇਸ਼ ਕੀਤੇ ਜਾਣ ਦਾ ਹੁਕਮ ਦਿੱਤਾ।

ਜਦੋਂ ਕੋਤਵਾਲ ਨੇ ਮਾਤਾ ਜੀ ਤਾਈਂ ਸਾਹਿਬਜ਼ਾਦਿਆਂ ਨੂੰ ਸੂਬੇ ਦੇ ਪੇਸ਼ ਕਰਨ ਦਾ ਹੁਕਮ ਸੁਣਾਇਆ ਤਾਂ ਮਾਤਾ ਸਾਰੀ ਗੱਲ ਭਾਂਪ ਗਈ ਅਤੇ ਦੋਹਾਂ ਸਾਹਿਬਜ਼ਾਦਿਆਂ ਦੇ ਸਿਰ ਆਪਣੇ ਹਥੀਂ ਸੋਹਣੀਆਂ ਦਸਤਾਰਾਂ ਸਜਾ ਕੇ ਉਨ੍ਹਾਂ ਨੂੰ ਇਉਂ ਸਮਝਾਇਆ -

"ਬੱਚਿਓ! ਮੈਂ ਤੁਹਾਨੂੰ ਤਿਆਰ ਕਰ ਕੇ ਸੂਬੇ ਪਾਸ ਭੇਜਣ ਲਗੀ ਹਾਂ। ਪਤਾ ਨਹੀਂ ਉਹ ਤੁਹਾਡੇ ਨਾਲ ਕੀ ਸਲੂਕ ਕਰੇਗਾ। ਪਰ ਤੁਸਾਂ ਮੇਰੀ ਇਕ ਗੱਲ ਚੇਤੇ ਰੱਖਣੀ ਕਿ ਤੁਸੀਂ ਉਸ ਗੁਰੂ ਤੇਗ ਬਹਾਦਰ ਜੀ ਦੇ ਪੋਤੇ ਹੋ ਜਿਨਾਂ ਨੇ ਦਿੱਲੀ ਦੇ ਚਾਂਦਨੀ ਚੌਕ ਅੰਦਰ ਆਪਣਾ ਸੀਸ ਤਾਂ ਕਟਵਾ ਲਿਆ ਸੀ ਪਰ ਜ਼ੁਲਮ ਅੱਗੇ ਝੁਕੇ ਨਹੀਂ ਸਨ ਅਤੇ ਨਾ ਜ਼ਾਲਮ ਦਾ ਡਰ ਦਿਲ ਵਿਚ ਰੱਖਿਆ ਸੀ। ਮੌਤ ਨੇ ਇਕ ਦਿਨ ਜ਼ਰੂਰ ਆਉਣਾ ਹੈ ਅਤੇ ਇਸ ਤੋਂ ਡਰਿਆਂ ਇਸ ਨੇ

ਛਡਣਾ ਨਹੀਂ। ਇਸ ਲਈ ਮੌਤ ਦਾ ਡਰ ਦਿਲ ਵਿਚ ਕਦੀ ਵੀ ਨਹੀਂ ਲਿਆਉਣਾ ਅਤੇ ਜੇਕਰ ਸਿਰ ਦੇ ਪਿਆਰੇ ਕੇਸ ਅਤੇ ਧਰਮ ਰਖਣ ਲਈ ਗਰਦਨ ਕਟਾਉਣੀ ਪਵੇ ਤਾਂ ਬੇਸ਼ਕ ਕਟਾ ਦੇਣੀ, ਪਰ ਧਰਮ ਨਹੀਂ ਹਾਰਨਾ ਅਤੇ ਨਾ ਜਾਲਮ ਅੱਗੇ ਸਿਰ ਝੁਕਾਉਣਾ। ਜ਼ਾਲਮ ਸੂਬਾ ਤੁਹਾਨੂੰ ਕਈ ਤਰ੍ਹਾਂ ਦੇ ਲਾਲਚ ਦੇਵੇਗਾ, ਤੁਸੀਂ ਉਨ੍ਹਾਂ ਵਿਚ ਫਸਣਾ ਨਹੀਂ। ਤੁਹਾਨੂੰ ਧਰਮ ਤੋਂ ਡੇਗਣ ਲਈ ਤਰ੍ਹਾਂ ਤਰ੍ਹਾਂ ਦੇ ਡਰ ਅਤੇ ਦੁਖ ਭੀ ਦੇਵੇਗਾ, ਤੁਸੀਂ ਡਰਨਾ ਜਾਂ ਘਬਰਾਉਣਾ ਨਹੀਂ। ਤੁਸੀਂ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਧਿਆਨ ਧਰਨਾ ਉਹ ਤੁਹਾਨੂੰ ਮੁਸੀਬਤ ਵਿਚ ਡੋਲਣ ਨਹੀਂ ਦੇਣਗੇ ਅਤੇ ਫਿਰ ਦੁਖ ਤੁਹਾਨੂੰ ਪੋਹ ਨਹੀਂ ਸਕੇਗਾ। ਲੌ ਹੁਣ ਤੁਸੀਂ ਜਾਓ, ਮੇਰਾ ਤੇ ਤੁਹਾਡਾ ਸ਼ਾਇਦ ਇਹ ਅਖ਼ੀਰੀ ਮੇਲਾ ਹੈ, ਪਰ ਇਹ ਸਰੀਰ ਛੁਟ ਜਾਣ ਪਿਛੋਂ ਤੁਸੀਂ ਤੇ ਮੈਂ ਫਿਰ ਮਿਲਾਂਗੇ। ਉਸ ਸਮੇਂ ਤੁਹਾਡੇ ਦਾਦਾ ਗੁਰੂ ਤੇਗ ਬਹਾਦਰ ਜੀ ਭੀ ਆਪਣੇ ਪਾਸ ਹੋਣਗੇ ਅਤੇ ਉਸ ਤੋਂ ਮਗਰੋਂ ਫਿਰ ਆਪਾਂ ਕਦੀ ਵੀ ਨਹੀਂ ਵਿਛੜਾਂਗੇ।''

ਇਤਨਾ ਕਹਿ ਕੇ ਬਿਰਧ ਮਾਤਾ ਨੇ ਸਾਹਿਬਜ਼ਾਦਿਆਂ ਦੇ ਸਿਰ ਤੇ ਪਿਆਰ ਦਿਤਾ, ਮੂੰਹ ਚੁੰਮਿਆ, ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ' ਬੁਲਾਈ ਅਤੇ ਉਨ੍ਹਾਂ ਨੂੰ ਕੋਤਵਾਲ ਦੇ ਨਾਲ ਤੋਰ ਦਿਤਾ।

ਕੋਤਵਾਲ ਸਾਹਿਬਜ਼ਾਦਿਆਂ ਨੂੰ ਲੈ ਕੇ ਉਥੇ ਪੁੱਜਾ ਜਿਥੇ ਸਰਹਿੰਦ ਦਾ ਸੂਬਾ ਆਪਣੇ ਵਜ਼ੀਰਾਂ ਅਮੀਰਾਂ ਸਮੇਤ ਦਰਬਾਰ ਲਾਈ ਬੈਠਾ ਸੀ। ਉਸ ਦਾ ਖ਼ਿਆਲ ਸੀ ਕਿ ਇਹ ਛੇ ਅਤੇ ਅਠ ਸਾਲ ਦੇ ਅੰਞਾਣੇ ਬੱਚੇ ਮੇਰੇ ਦਰਬਾਰ ਦਾ ਠਾਠ ਵੇਖ ਕੇ ਘਬਰਾ ਜਾਣਗੇ ਅਤੇ ਮੈਂ ਜੋ ਕੁਝ ਇਹਨਾਂ ਨੂੰ ਕਹਾਂਗਾ, ਇਹ ਝਟ ਮੰਨ ਜਾਣਗੇ। ਪਰ ਜਦੋਂ ਸਾਹਿਬਜ਼ਾਦੇ ਸੂਬੇ ਦੇ ਸਾਹਮਣੇ ਆਏ ਤਾਂ ਇਨ੍ਹਾਂ ਬੜੀ ਨਿਡਰਤਾ ਨਾਲ ਸੂਬੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਇਕ-ਟਕ ਉਸ ਵੱਲ ਤਕਿਆ ਅਤੇ ਮੂੰਹ ਤੋਂ ਗੱਜ ਕੇ 'ਵਾਹਿਗੁਰੂ ਜੀ ਕੀ ਫਤਹ ਬੁਲਾਈ। ਸੂਬਾ ਅਤੇ ਵਜ਼ੀਰ-ਅਮੀਰ ਬੱਚਿਆਂ ਦੀ ਇਹ ਦਲੇਰੀ ਵੇਖ, ਬੜੇ ਹੈਰਾਨ ਹੋਏ ਅਤੇ ਉਨ੍ਹਾਂ ਵਿਚੋਂ ਇਕ ਨੇ ਸਾਹਿਬਜ਼ਾਦਿਆਂ ਨੂੰ ਨਵਾਬ ਸਾਹਿਬ ਦੇ ਸਾਹਮਣੇ ਸਿਰ ਝੁਕਾ ਕੇ ਸਲਾਮ ਕਰਨ ਨੂੰ ਕਿਹਾ। ਸਾਹਿਬ ਜੋਰਾਵਰ ਸਿੰਘ ਨੇ ਉਚੀ ਆਵਾਜ਼ ਵਿਚ ਜਵਾਬ ਦਿਤਾ, ''ਅਸੀਂ ਆਪਣੇ ਗੁਰੂ ਪਿਤਾ ਜੀ ਤੋਂ ਬਿਨਾਂ ਕਿਸੇ ਦੇ ਸਾਹਮਣੇ ਸਿਰ ਝੁਕਾਉਣਾ ਨਹੀਂ ਸਿੱਖੇ ਅਤੇ ਨਾ ਕਦੀ ਝੁਕਾਵਾਂਗੇ, ਤੁਸੀਂ ਹੋਰ ਜਿਹੜੀ ਗੱਲ ਕਰਨੀ ਹੈ ਕਰੋ।'' ਸੂਬਾ ਸਾਹਿਬਜ਼ਾਦੇ ਦੇ ਇਸ ਤਰ੍ਹਾਂ ਦੇ ਬੋਲਣ ਤੇ ਹੋਰ ਭੀ ਹੈਰਾਨ ਹੋਇਆ ਅਤੇ ਉਸ ਨੇ ਕਚਹਿਰੀ ਅੰਦਰ ਬੈਠੇ ਕਾਜ਼ੀ ਵੱਲ ਉਨ੍ਹਾਂ ਨਾਲ ਗੱਲ ਕਰਨ ਲਈ ਇਸ਼ਾਰਾ ਕੀਤਾ।

ਹੁਣ ਕਾਜ਼ੀ ਨੇ ਅੱਗੇ ਵਧ ਕੇ ਸਾਹਿਬਜ਼ਾਦਿਆਂ ਨੂੰ ਤਰ੍ਹਾਂ ਤਰ੍ਹਾਂ ਦੇ ਡਰ ਤੇ ਲਾਲਚ ਦੇਣੇ ਸ਼ੁਰੂ ਕੀਤੇ, ਕਦੀ ਪਿਆਰ ਨਾਲ ਸਮਝਾਉਂਦਾ ਅਤੇ ਕਦੀ ਧਮਕੀ ਦੇਂਦਾ ਤੇ ਡਰਾਉਂਦਾ। ਉਸ ਨੇ ਇਥੋਂ ਤਕ ਕਹਿ ਦਿਤਾ ਕਿ ''ਜਿਸ ਗੁਰੂ ਪਿਤਾ ਦਾ ਤੁਹਾਡੇ ਦਿਲ ਵਿਚ ਲਾਡ ਹੈ ਉਹ ਹੁਣ ਤੁਹਾਨੂੰ ਨਹੀਂ ਮਿਲ ਸਕਦਾ, ਉਹ ਤਾਂ ਸਰਸਾ ਨਦੀ ਤੋਂ ਲੰਘਦੇ ਹੋਏ ਰਸਤੇ ਵਿਚ ਹੀ ਮਾਰੇ ਗਏ ਹਨ ਅਤੇ ਉਹਨਾਂ ਦੇ ਨਾਲ ਸਾਰੇ ਸਿਖ ਭੀ ਮਰ ਚੁੱਕੇ ਹਨ। ਤੁਹਾਡੀ ਮਦਦ ਕਰਨ ਵਾਲਾ ਹੁਣ ਕੋਈ ਨਹੀਂ ਰਿਹਾ। ਤੁਹਾਡੇ ਲਈ ਤਾਂ ਹੁਣ ਇਹ ਚੰਗਾ ਹੈ ਕਿ ਤੁਸੀਂ ਨਵਾਬ ਸਾਹਿਬ ਨੂੰ ਹੀ ਆਪਣਾ ਧਰਮ ਦਾ ਬਾਪ ਸਮਝੋ ਅਤੇ ਦੀਨ ਇਸਲਾਮ ਨੂੰ ਕਬੂਲ ਕੇ ਬਾਦਸ਼ਾਹੀ ਠਾਠ ਦੀਆਂ ਮੌਜਾਂ ਮਾਣੋ।'' ਕਾਜ਼ੀ ਦੇ ਅਜਿਹੇ ਬਚਨ ਸੁਣ ਕੇ ਸਾਹਿਬਜ਼ਾਦੇ ਜੋਸ਼ ਵਿਚ ਆ ਗਏ ਅਤੇ ਇਕ ਦਮ ਬੋਲ ਉਠੇ, ''ਕਾਜ਼ੀ, ਕਿਉਂ ਉਪੱਦਰ ਤੋਲਦਾ ਹੈਂ? ਸਾਡੇ ਪਿਤਾ ਗੁਰੂ ਗੋਬਿੰਦ ਸਿੰਘ ਨੂੰ ਮਾਰਨ ਵਾਲਾ ਕੌਣ ਜੰਮਿਆ ਹੈ? ਸਾਡੀ ਮਦਦ ਕਰਨ ਵਾਲਾ ਅਕਾਲ ਪੁਰਖ ਆਪ ਹੈ। ਜਦੋਂ ਸਾਡਾ ਅਕਾਲ-ਪੁਰਖ ਸਾਡੇ ਨਾਲ ਹੈ ਤਾਂ ਸਾਨੂੰ ਤੇਰੇ ਨਵਾਬ ਦੀ ਕੀ ਕਾਣ ਹੈ! ਬਾਕੀ ਜੋ ਤੂੰ ਸਾਨੂੰ ਦੀਨ ਇਸਲਾਮ ਅਤੇ ਬਾਦਸ਼ਾਹੀ ਠਾਠ ਦੀਆਂ ਮੌਜਾਂ ਦਸਦਾ ਹੈਂ, ਇਹ ਗੱਲ ਮੁੜ ਕੇ ਸਾਡੇ ਨਾਲ ਕਰਨ ਦੀ ਲੋੜ ਨਹੀਂ। ਤੇਰੇ ਜਿਹੇ ਆਦਮੀ ਲਈ ਐਸਾ ਕਹਿਣਾ ਹਰਗਿਜ਼ ਨਹੀਂ ਸੋਭਦਾ ਕਿ ਅਸੀਂ ਆਪਣਾ ਬਾਪ ਛੱਡ ਕੇ ਦੂਸਰੇ ਨੂੰ ਆਪਣਾ ਬਾਪ ਸਮਝ ਲਈਏ। ਜੇਕਰ ਅਸੀਂ ਆਜ਼ਾਦ ਹੁੰਦੇ ਤਾਂ ਹੁਣੇ ਤੇਰੇ ਇਸ ਕਹਿਣ ਦਾ ਮੁੱਲ ਪੁਆ ਦੇਂਦੇ।''

ਸਾਹਿਬਜ਼ਾਦਿਆਂ ਦੇ ਇਸ ਦਲੇਰੀ ਭਰੇ ਉੱਤਰ ਨਾਲ ਨਵਾਬ ਦੀ ਕਚਹਿਰੀ ਅੰਦਰ ਇਕ ਤਰ੍ਹਾਂ ਦਾ ਸੱਨਾਟਾ ਛਾ ਗਿਆ ਅਤੇ ਕਿਤਨਾ ਸਮਾਂ ਚੁੱਪ ਵਰਤੀ ਰਹੀ। ਅਖ਼ੀਰ ਸੂਬਾ ਬੜੇ ਰੋਹ ਭਰੇ ਦਿਲ ਨਾਲ ਬੋਲਿਆ ਕਿ ਮੈਂ ਤਾਂ ਇਨ੍ਹਾਂ ਨੂੰ ਮਾਸੂਮ ਜਾਣ ਕੇ ਇਨ੍ਹਾਂ ਨਾਲ ਆਪਣੇ ਬੱਚਿਆਂ ਵਾਲਾ ਸਲੂਕ ਕੀਤਾ ਸੀ, ਪਰ ਮੈਂ ਸਮਝ ਗਿਆ ਹਾਂ ਕਿ ਇਹ ਇਸ ਦੇ ਯੋਗ ਨਹੀਂ। ਅਗਰ ਇਹ ਦੀਨ ਇਸਲਾਮ ਕਬੂਲਣ ਤੋਂ ਇਨਕਾਰ ਕਰਦੇ ਹਨ ਤਾਂ ਇਨ੍ਹਾਂ ਨਾਲ ਸ਼ਰਹ

ਦੇ ਅਨੁਕੂਲ ਵਰਤਾਅ ਕੀਤਾ ਜਾਣਾ ਚਾਹੀਦਾ ਹੈ। ਕਾਜ਼ੀ ਸਾਹਿਬ ਦੱਸਣ ਕਿ ਸ਼ਰਹ ਦਾ ਇਸ ਬਾਰੇ ਕੀ ਫੁਰਮਾਨ ਹੈ। ਕਾਜ਼ੀ, ਜੋ ਸਾਹਿਬਜ਼ਾਦਿਆਂ ਉਪਰ ਕੋਈ ਪ੍ਰਭਾਵ ਨ ਪਾ ਸਕਣ ਕਰਕੇ ਛਿੱਥਾ ਪੈ ਚੁਕਾ ਹੋਇਆ ਸੀ, ਝੱਟ ਬੋਲ ਉਠਿਆ, 'ਹਜ਼ੂਰ, ਸ਼ਰਹ ਐਸੇ ਹਠੀ ਅਤੇ ਗੁਸਤਾਖ਼ ਬੱਚਿਆਂ ਦਾ ਇੱਟਾਂ ਦੀ ਦੀਵਾਰ ਅੰਦਰ ਚੁਣੇ ਜਾਣ ਦਾ ਫੁਰਮਾਨ ਦੇਂਦੀ ਹੈ।

'ਤਾਂ ਫਿਰ ਇਨ੍ਹਾਂ ਗੁਸਤਾਖ਼ਾਂ ਨੂੰ ਦੀਵਾਰ ਅੰਦਰ ਚਿਣੇ ਜਾਣ ਵਿਚ ਦੇਰ ਕਿਉਂ ਕੀਤੀ ਜਾ ਰਹੀ ਹੈ', ਇਉਂ ਕਹਿੰਦਾ ਨਵਾਬ ਉਠ ਖੜਾ ਹੋਇਆ ਅਤੇ ਇੱਟਾਂ ਲਗਾਉਣ ਵਾਲੇ ਮਿਸਤ੍ਰੀ ਅਤੇ ਚੂਨਾ ਸੁਰਖੀ ਇੱਟਾਂ ਆਦਿ ਲਿਆਉਣ ਦੇ ਹੁਕਮ ਜਾਰੀ ਹੋ ਗਏ।

ਥੋੜੀ ਦੇਰ ਵਿੱਚ ਹੀ ਸਾਰੇ ਸਾਮਾਨ ਤਿਆਰ ਹੋ ਜਾਣ ਤੇ ਸਾਹਿਬਜ਼ਾਦਿਆਂ ਨੂੰ ਵਿਚਾਲੇ ਖੜਾ ਕਰ ਕੇ ਇਨ੍ਹਾਂ ਦੇ ਚਾਰੇ ਪਾਸੇ ਇੱਟਾਂ ਬੀੜਨੀਆਂ ਸ਼ੁਰੂ ਕੀਤੀਆਂ ਗਈਆਂ। ਉਨ੍ਹਾਂ ਦੇ ਮਾਸੂਮ ਤੇ ਕੋਮਲ ਸਰੀਰਾਂ ਨੂੰ ਮਸਾਲੇ ਨਾਲ ਇੱਟਾਂ ਬੀੜਨ ਤੋਂ ਜੋ ਅਤਿ ਦਰਜੇ ਦਾ ਦੁਖ ਤੇ ਪੀੜਾ ਹੋਈ, ਇਸ ਦਾ ਅੰਦਾਜ਼ਾ ਕਰਨਾ ਭੀ ਕਠਨ ਹੈ। ਕੰਧ ਦੀ ਉਸਾਰੀ ਦੇ ਦੌਰਾਨ ਇਕ ਦੋ ਵੇਰ ਕਾਜ਼ੀ ਨੇ ਮੁੜ ਸਾਹਿਬਜ਼ਾਦਿਆਂ ਨੂੰ ਦੀਨ ਇਸਲਾਮ ਕਬੂਲ ਕਰ ਕੇ, ਇਸ ਮੁਸੀਬਤ ਤੋਂ ਬਚਣ ਦੀ ਪ੍ਰੇਰਨਾ ਦਿਤੀ, ਪ੍ਰੰਤੂ ਉਨ੍ਹਾਂ ਦੀ ਗੁਰੂ ਪਿਤਾ ਦੇ ਚਰਨਾਂ ਵਿਚ ਜੁੜ ਚੁਕੀ ਬਿਰਤੀ ਨੂੰ ਕਾਜ਼ੀ ਕਿਸੇ ਤਰ੍ਹਾਂ ਭੀ ਡੁਲਾ ਨ ਸਕਿਆ। ਵੇਖਣ ਵਾਲੇ ਅਨਗਿਣਤ ਲੋਕ ਸਾਹਿਬਜ਼ਾਦਿਆਂ ਦੀ ਇਸ ਅਡੋਲਤਾ ਉਤੇ ਅਸ਼ ਅਸ਼ ਕਰਦੇ ਅਤੇ ਉਂਗਲਾਂ ਟੁਕਦੇ ਸਨ, ਪ੍ਰੰਤੂ ਕਿਸੇ ਦਾ ਹੀਆ ਨਹੀਂ ਸੀ ਕਿ ਜ਼ਾਲਮ ਸੂਬੇ ਦੇ ਇਸ ਜ਼ੁਲਮ ਵਿਰੁਧ ਕੁਸਕ ਸਕੇ।

ਹੌਲੀ ਹੌਲੀ ਕੰਧ ਉਚੀ ਹੁੰਦੀ ਗਈ ਅਤੇ ਸਾਹਿਬਜ਼ਾਦਿਆਂ ਦੇ ਸਰੀਰ ਦੇ ਹੇਠਲੇ ਅੰਗ ਇੱਟਾਂ ਤੋਂ ਮਸਾਲੇ ਦੀ ਦਬ ਨਾਲ ਸਉਣੇ ਸ਼ੁਰੂ ਹੋ ਗਏ। ਉਨ੍ਹਾਂ ਨੇ ਕੰਧ ਦੀ ਚਿਣਾਈ ਸ਼ੁਰੂ ਹੋਣ ਸਮੇਂ ਤੋਂ ਹੀ '੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ॥' ਵਿਚ ਆਪਣਾ ਮਨ ਜੋੜ ਲਿਆ ਹੋਇਆ ਸੀ। ਜਿਉਂ ਜਿਉਂ ਕੰਧ ਉਚੀ ਹੁੰਦੀ ਗਈ, ਸਹਿਬਜ਼ਾਦਿਆਂ ਦੇ ਕੋਮਲ ਸਰੀਰ ਕੁਮਲਾਉਣੇ ਸ਼ੁਰੂ ਹੋ ਗਏ ਅਤੇ ਇਸਦੇ ਨਾਲ ਹੀ ਬੇ-ਸੁਰਤੀ ਜ਼ੋਰ ਪਾਉਣ ਲਗੀ। ਭਾਵੇਂ ਇਸ ਸਮੇਂ ਮੌਕੇ ਤੇ ਹਾਜ਼ਰ ਲੋਕ ਸਾਰੇ ਹੀ ਗੁਰੂ ਜੀ ਦੇ ਵਿਰੋਧੀ ਤੇ ਦੁਸ਼ਮਨ ਸਨ, ਪ੍ਰੰਤੂ ਮਾਸੂਮ ਤੇ ਨਿਰਛਲ ਬੱਚਿਆਂ ਉਤੇ ਵਰਤਦਾ ਇਹ ਕਹਿਰ ਕਿਸੇ ਤੋਂ ਭੀ ਸਹਾਰਿਆ ਨਹੀਂ ਜਾਂਦਾ ਸੀ। ਉਨ੍ਹਾਂ ਦੇ ਗੁਲਾਬੀ ਚਮਕਦੇ ਚੇਹਰਿਆਂ ਉਪਰ ਛਾ ਰਹੀ ਮੁਰਦਿਹਾਨੀ ਅਤੇ ਝਲਕਦੀਆਂ ਅੱਖਾਂ ਦੇ ਬੁੱਝ ਰਹੇ ਦੀਵਿਆਂ ਨੂੰ ਤੱਕ, ਉਨਾਂ ਦੇ ਕੱਟੜ ਤੇ ਪੱਥਰ ਦਿਲ ਭੀ ਪੰਘਰ ਚੁਕੇ ਸਨ ਅਤੇ ਕਈ ਵੇਖਣਹਾਰਿਆਂ ਦੀਆਂ ਅੱਖਾਂ ਵਿਚੋਂ ਅਥਰੂ ਵਗਦੇ ਅਤੇ ਗਲੇ ਗਚ ਹੋ ਚੁਕੇ ਸਨ। ਇਥੋਂ ਤਕ ਕਿ ਜੋ ਮਿਸਤ੍ਰੀ ਸਹਿਬਜ਼ਾਦਿਆਂ ਦੇ ਦੁਆਲੇ ਇੱਟਾ ਚਿਣ ਰਹੇ ਸਨ, ਉਹ ਭੀ ਇੱਟਾਂ ਚਿਨਣੋਂ ਰਹਿ ਖਲੋਤੇ। ਜੋ ਇੱਟਾਂ ਇਨ੍ਹਾਂ ਹੁਣ ਤਕ ਲਗਾਈਆਂ ਸਨ, ਉਹ ਭੀ ਇਤਨੀਆਂ ਵਿੰਗੀਆਂ ਟੇਢੀਆਂ ਸਨ ਕਿ ਉਹ ਆਪਣੀ ਆਪਣੀ ਥਾਉਂ ਠੀਕ ਨ ਰਹਿ ਸਕੀਆਂ ਅਤੇ ਵੇਖਦਿਆਂ-ਵੇਖਦਿਆਂ ਇਹ ਕੰਧ ਫਟ ਕੇ ਡਿੱਗ ਪਈ ਅਤੇ ਇਸ ਦੇ ਨਾਲ ਹੀ ਬੇ-ਹੋਸ਼ ਸਾਹਿਬਜ਼ਾਦਿਆਂ ਦੇ ਸਰੀਰ ਭੀ ਇੱਟਾਂ ਦੇ ਉਪਰ ਵਿਛ ਗਏ।

ਅਜਿਹੀ ਬੇਸੁਰਤੀ ਦੀ ਦਸ਼ਾ ਵਿਚ ਹੀ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਮਾਤਾ ਜੀ ਪਾਸ ਪਹੁੰਚਾਇਆ ਗਿਆ। ਮਾਤਾ ਜੀ ਦੇ ਦਿਲ ਪਰ ਇਸ ਅਤਿ ਦਰਦਨਾਕ ਦ੍ਰਿਸ਼ ਦਾ ਜੋ ਅਸਰ ਹੋਇਆ, ਉਸ ਦਾ ਕਥਨ ਕਰਨਾ ਭੀ ਮੁਸ਼ਕਲ ਹੈ। ਪ੍ਰੰਤੂ ਮਾਤਾ ਜੀ ਨੇ ਵਡੇ ਹੌਂਸਲੇ ਅਤੇ ਦ੍ਰਿੜਤਾ ਨਾਲ ਇਨ੍ਹਾਂ ਨੂੰ ਸੰਭਾਲਿਆ ਅਤੇ ਬੱਚਿਆਂ ਦੇ ਸਰੀਰਾਂ ਨੂੰ ਆਪਣੇ ਹੱਥਾਂ ਦੀ ਗਰਮਾਈ ਤੇ ਮਾਲਸ਼ ਨਾਲ ਮੁੜ ਸੁਰਜੀਤ ਕੀਤਾ। ਹੌਲੀ-ਹੌਲੀ ਬੱਚਿਆਂ ਨੂੰ ਸੁਰਤ ਫਿਰੀ ਅਤੇ ਅੱਖਾਂ ਖੁੱਲ੍ਹ ਉਨ੍ਹਾਂ ਮਾਤਾ ਜੀ ਵੱਲ ਤਕਿਆ ਅਤੇ ਮਾਤਾ ਨੇ ਇਨਾਂ ਦੀ ਸੁਰਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਜੋੜ ਰਖਣ ਦਾ ਉਪਰਾਲਾ ਕੀਤਾ ਅਤੇ ਦੁਖਾਂ ਦੀ ਇਹ ਲੰਬੀ ਰਾਤ ਬੱਚਿਆਂ ਦੀ ਸੇਵਾ ਕਰਦਿਆਂ ਬਿਤਾਈ।

ਅਗਲਾ ਦਿਨ ਭੀ ਏਸੇ ਹਾਲਤ ਵਿਚ ਠੰਢੇ ਬੁਰਜ ਅੰਦਰ ਹੀ ਬੀਤਿਆ ਅਤੇ ਮਾਤਾ ਬੱਚਿਆਂ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕਾਂ ਕਾਰਨਾਮੇ ਸੁਣਾ ਸੁਣਾ ਉਤਸ਼ਾਹਿਤ ਕਰਦੀ ਰਹੀ। ਕਲ੍ਹ ਦੀ ਦੁਖਦਾਈ ਘਟਨਾ ਨੇ ਸਾਹਿਬਜ਼ਾਦਿਆਂ ਨੂੰ ਭਾਵੇਂ ਸਰੀਰਕ ਤੌਰ ਤੇ ਬਹੁਤ ਕਮਜ਼ੋਰ ਕਰ ਦਿੱਤਾ ਸੀ, ਪ੍ਰੰਤੂ ਉਨ੍ਹਾਂ ਦੀ ਆਤਮਕ ਅਵਸਥਾ ਅਤੇ ਸਿਦਕ ਪਹਿਲੇ ਨਾਲੋਂ ਭੀ ਦੂਣ ਸਵਾਏ ਹੋ ਗਏ ਸਨ ਅਤੇ ਆਪਣੇ ਦਾਦਾ ਗੁਰੂ ਵਾਂਗ ਧਰਮ ਦੇ ਨਾਮ ਤੇ ਸ਼ਹੀਦ ਹੋ

ਜਾਣ ਦਾ ਚਾਉ ਉਨ੍ਹਾਂ ਦੇ ਅੰਦਰ ਲਟ ਲਟ ਭੜਕ ਰਿਹਾ ਸੀ।

ਜਿਵੇਂ ਕਿਵੇਂ ਰਾਤ ਬੀਤੀ, ੨੭ ਦਸੰਬਰ ਦਾ ਦਿਨ ਚੜ੍ਹਿਆ। ਸੂਬੇ ਵਲੋਂ ਅੱਜ ਫਿਰ ਸਾਹਿਬਜ਼ਾਦਿਆਂ ਨੂੰ ਹਾਜ਼ਰ ਕੀਤੇ ਜਾਣ ਦਾ ਹੁਕਮ ਪੁੱਜਾ। ਮਾਤਾ ਨੇ ਪਹਿਲੇ ਦੀ ਤਰ੍ਹਾਂ ਇਨ੍ਹਾਂ ਨੂੰ ਤਿਆਰ ਕੀਤਾ ਅਤੇ ਹਰ ਤਰ੍ਹਾਂ ਦਾ ਕਸ਼ਟ ਦੇ ਸਾਹਮਣੇ ਅਡੋਲ ਰਹਿਣ ਅਤੇ ਗੁਰੂ ਪਿਤਾ ਦੇ ਚਰਨਾਂ ਵਿਚ ਆਪਣੀਆਂ ਬਿਰਤੀਆਂ ਜੋੜੇ ਰਖਣ ਦੀ ਤਾਕੀਦ ਕਰਦੇ ਹੋਏ ਕੋਤਵਾਲ ਦੇ ਨਾਲ ਤੋਰ ਦਿਤਾ।

ਸਾਹਿਬਜ਼ਾਦਿਆਂ ਨੇ ਕਚਹਿਰੀ ਪੁੱਜ ਕੇ ਪਹਿਲੇ ਦਿਨ ਦੀ ਤਰ੍ਹਾਂ 'ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹ' ਬੁਲਾਈ ਅਤੇ ਚੁਪ ਚਾਪ ਖੜੇ ਹੋ ਗਏ। ਅਜ ਨਵਾਬ ਦੀ ਤਬੀਅਤ ਵਿਚ ਕੁਝ ਨਰਮਾਈ ਸੀ ਅਤੇ ਉਹ ਇਸੇ ਸੋਚ ਵਿਚ ਸੀ ਕਿ ਗੁਰੂ ਜੀ ਦੇ ਸਾਹਿਬਜ਼ਾਦਿਆਂ ਨਾਲ ਕੈਸਾ ਵਰਤਾਉ ਕੀਤਾ ਜਾਵੇ। ਕਚਹਿਰੀ ਵਿਚ ਹਾਜਰ ਪਤਵੰਤੇ ਸੱਜਣ ਆਪਣੇ ਆਪਣੇ ਖ਼ਿਆਲ ਪ੍ਰਗਟ ਕਰ ਰਹੇ ਸਨ। ਮਲੇਰ ਕੋਟਲੇ ਤੋਂ ਆਏ ਅਮੀਰ ਵਜੀਰ ਪਠਾਣ ਸ਼ੇਰ ਮੁਹੰਮਦ ਖਾਂ ਨੇ ਕਿਹਾ, "ਨਵਾਬ ਸਾਹਿਬ, ਬਾਪ ਦਾ ਵੈਰ ਬੇਟੇ ਪਾਸੋਂ ਲੈਣਾ ਔਰ ਫਿਰ ਨਾਬਾਲਗ ਮਾਸੂਮ ਬੱਚਿਆਂ ਨੂੰ ਬਾਪ ਦੇ ਕਿਸੇ ਦੋਸ਼ ਲਈ ਕਸੂਰਵਾਰ ਠਹਿਰਾਉਣਾ ਕਿਸੇ ਤਰ੍ਹਾਂ ਭੀ ਵਾਜਬ ਨਹੀਂ। ਅਜਿਹਾ ਕਰਨਾ ਕਿਸੇ ਦੀਨ ਧਰਮ ਅੰਦਰ ਜਾਇਜ਼ ਨਹੀਂ, ਇਸ ਲਈ ਇਨ੍ਹਾਂ ਬੱਚਿਆਂ ਪਰ ਕੋਈ ਸਖ਼ਤੀ ਰਵਾ ਰਖਣੀ ਠੀਕ ਨਹੀਂ ਹੋਵੇਗੀ।"

ਸ਼ੇਰ ਮੁਹੰਮਦ ਖਾਂ ਦੀ ਗੱਲ ਸੁਣ ਕੇ ਨਵਾਬ ਸਰਹੰਦ ਨੇ ਸ਼ੇਰ ਮੁਹੰਮਦ ਖਾਂ ਨੂੰ ਇਨ੍ਹਾਂ ਬੱਚਿਆਂ ਨੂੰ ਆਪਣੇ ਪਾਸ ਲੈ ਜਾਣ ਲਈ ਕਿਹਾ ਅਤੇ ਨਾਲ ਹੀ ਇਹ ਭੀ ਚਿਤਾਇਆ ਕਿ ਤੇਰੇ ਬੱਚੇ ਭੀ ਤਾਂ ਗੁਰੂ ਨਾਲ ਲੜਦੇ ਹੋਏ ਹੀ ਮਾਰੇ ਗਏ ਹਨ, ਤੂੰ ਉਹਨਾਂ ਦਾ ਬਦਲਾ ਗੁਰੂ ਦੇ ਬੱਚਿਆਂ ਪਾਸੋਂ ਕਿਉਂ ਨਹੀਂ ਲੈਂਦਾ? ਪ੍ਰੰਤੂ ਮਲੇਰ-ਕੋਟਲੀਏ ਸ਼ੇਰ ਮੁਹੰਮਦ ਖਾਂ ਨੇ ਕਿਹਾ ਕਿ ਲੜਾਈ ਵਿਚ ਮਾਰੇ ਗਏ ਜਵਾਨ ਪੁੱਤਰਾਂ ਦਾ ਬਦਲਾ ਮਾਸੂਮ ਅੰਵਾਣੇ ਬਾਲਾਂ ਦੀ ਗਰਦਨ ਤੇ ਤਲਵਾਰ ਰਖਣ ਨਾਲ ਨਹੀਂ ਲਿਆ ਜਾਂਦਾ। ਅਜਿਹਾ ਕਰਨਾ ਕਾਇਰਾਂ ਤੇ ਗੀਦੀਆਂ ਦਾ ਕੰਮ ਹੈ। ਮੈਂ ਬਦਲਾ ਲੈਣਾ ਹੋਵੇਗਾ ਤਾਂ ਗੁਰੂ ਨਾਲ ਸਨਮੁਖ ਲੜ ਕੇ ਲਵਾਂਗਾ।"

ਸ਼ੇਰ ਮੁਹੰਮਦ ਖਾਂ ਦੀਆਂ ਇਨ੍ਹਾਂ ਗੱਲਾਂ ਦਾ ਨਵਾਬ ਸਰਹਿੰਦ ਦੇ ਮਨ ਤੇ ਡੂੰਘਾ ਅਸਰ ਹੋਇਆ ਜਾਪਦਾ ਪ੍ਰੰਤੂ ਹੁਣ ਦੀਵਾਨ ਸੁੱਚਾ ਨੰਦ ਉਠ ਖੜਾ ਹੋਇਆ ਅਤੇ ਨਵਾਬ ਨੂੰ ਸੰਬੋਧਨ ਕਰ ਕੇ ਬੋਲਿਆ, "ਹਜ਼ੂਰ, ਸੱਪਾਂ ਨੂੰ ਮਾਰਨਾ ਅਤੇ ਸਪੋਲੀਆਂ ਨੂੰ ਛਡ ਦੇਣਾਂ ਕਿਧਰ ਦੀ ਸਿਆਣਪ ਹੈ? ਭੇੜੀਏ ਦੇ ਪੁੱਤਰ ਹਮੇਸ਼ਾ ਭੇੜੀਏ ਹੀ ਹੋਣਗੇ। ਉਨ੍ਹਾਂ ਤੋਂ ਕਿਸੇ ਭਲੇ ਦੀ ਆਸ ਰਖਣੀ ਅੰਞਾਣਪੁਣਾ ਹੈ। ਸੂਬਾ ਇਸ ਤਰ੍ਹਾਂ ਦੇ ਵੱਖੋ-ਵੱਖ ਖ਼ਿਆਲ ਸੁਣ ਕੇ ਦੁਚਿੱਤਾ ਹੋ ਚੁਕਾ ਸੀ, ਅਤੇ ਹੁਣ ਸੁੱਚਾ ਨੰਦ ਦੀ ਗੱਲ ਸੁਣਨ ਤੇ ਕੁਝ ਛਿੱਥਾ ਜਿਹਾ ਪੈ ਕੇ ਬੋਲ ਉਠਿਆ, "ਕੀ ਮੇਰੇ ਦਰਬਾਰ ਵਿਚ ਕੋਈ ਪਠਾਣ ਬੱਚਾ ਨਹੀਂ, ਜੋ ਇਨ੍ਹਾਂ ਮੂਜ਼ੀਆਂ ਤੋਂ ਮੇਰਾ ਪਿੱਛਾ ਛੁੜਾਵੇ?" ਨਵਾਬ ਦਾ ਇਹ ਕਹਿਣਾ ਸੀ ਕਿ ਉਸੇ ਵੇਲੇ ਸਮਾਣੇ ਦੇ ਰਹਿਣ ਵਾਲੇ ਦੋ ਪਠਾਣ ਭਰਾ ਸਾਸ਼ਲ ਬੇਗ ਅਤੇ ਵਾਸ਼ਲ ਬੇਗ ਗੁੱਸਾ ਖਾ ਕੇ ਉਠੇ ਅਤੇ ਇਕ ਨੇ ਸਾਹਿਬ ਜ਼ੋਰਾਵਰ ਸਿੰਘ ਨੂੰ ਅਤੇ ਦੂਜੇ ਨੇ ਸਾਹਿਬ ਫਤਹ ਸਿੰਘ ਨੂੰ ਜ਼ਮੀਨ ਉਤੇ ਪਟਕਾ ਮਾਰਿਆ ਅਤੇ ਉਨ੍ਹਾਂ ਦੇ ਸੀਨਿਆਂ ਉਤੇ ਆਪਣੇ ਗੋਡੇ ਟੇਕ ਕੇ ਇਕ ਹੱਥ ਨਾਲ ਸਾਹਿਬਜ਼ਾਦਿਆਂ ਦੇ ਸਿਰਾਂ ਨੂੰ ਜ਼ਮੀਨ ਉੱਤੇ ਦਬਾ ਰਖਿਆ ਅਤੇ ਦੂਜੇ ਹੱਥ ਛੁਰਾ ਫੜ ਬੱਚਿਆਂ ਦੀਆਂ ਕੋਮਲ ਗਰਦਨਾਂ ਤੇ ਐਉਂ ਫੇਰਿਆ ਜਿਵੇਂ ਮੁਸਲਮਾਨ ਲੋਕ ਭੇਡ ਬਕਰਾ ਜ਼ਿਬਹ ਕਰਨ ਲਈ ਉਹਨਾਂ ਦੀਆਂ ਗਰਦਨਾਂ ਤੇ ਛੁਰੀ ਫੇਰਦੇ ਹਨ ਅਤੇ ਇਸ ਤਰ੍ਹਾਂ ਪਲੋ ਪਲੀ ਅੰਦਰ ਦੋਹਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ।

ਜਿਸ ਥਾਉਂ ਇਹ ਭਾਣਾ ਵਰਤਿਆ, ਉੱਥੇ ਸਾਹਿਬਜ਼ਾਦਿਆਂ ਦਾ ਸ਼ਹੀਦ ਅਸਥਾਨ ਗੁਰਦੁਆਰਾ ਫਤਹਗੜ੍ਹ ਸਾਹਿਬ ਬਣਿਆ ਹੋਇਆ ਹੈ। ਇਸ ਦੇ ਦਰਸ਼ਨ ਤੋਂ ਸਾਹਿਬ ਜ਼ੋਰਾਵਰ ਸਿੰਘ ਅਤੇ ਸਾਹਿਬ ਫਤਹ ਸਿੰਘ ਦੀ ਅਦੁੱਤੀ ਸ਼ਹੀਦੀ ਦੀ ਚਿਤਾਉਣੀ ਮਿਲਦੀ ਹੈ। ਇਸ ਦੇ ਪਾਸ ਹੀ ਠੰਢੇ ਬੁਰਜ ਵਾਲੇ ਥਾਉਂ ਮਾਤਾ ਗੁਜਰੀ ਜੀ ਦੀ ਯਾਦ ਵਿਚ ਗੁਰਦੁਆਰਾ ਹੈ। ਇਹ ਅਸਥਾਨ ਪਟਿਆਲੇ ਤੋਂ ਵੀਹ ਬਾਈ ਮੀਲ ਦੀ ਵਿੱਥ ਤੇ ਬੱਸੀ ਪਠਾਣਾਂ ਨੂੰ ਜਾਣ ਵਾਲੀ ਪੱਕੀ ਸੜਕ ਉਤੇ ਸਰਹਿੰਦ ਅਤੇ ਬੱਸੀ ਦੇ ਵਿਚਾਲੇ ਵਾਕਿਆ ਹੈ।

ਬੱਚਿਓ! ਜ਼ਰਾ ਵਿਚਾਰ ਕੇ ਦੇਖੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਮਾਸੂਮ ਬੱਚਿਆਂ ਅਤੇ ਬਿਰਧ ਮਾਤਾ ਜੀ ਨੇ ਸਿਖੀ ਸ਼ਾਨ ਨੂੰ ਕਾਇਮ ਰਖਣ ਖ਼ਾਤਰ ਕਿਤਨਾ

***(ਬਾਕੀ ਪੰਨਾ 30 'ਤੇ)***

# ਸਰਹੰਦ ਦੀ ਦੀਵਾਰ

*[ਭਾਈ ਉਜਾਗਰ ਸਿੰਘ ਉਲਫ਼ਤ]*

ਵੇਖ ਨੀ ਅੱਜ ਦਰਦਣੇ, ਸਰਹੰਦ ਦੀ ਦੀਵਾਰ ਵੇਖ!
ਵੇਖ, ਕਿਥੇ ਪਹੁੰਚਿਆ ਏ, ਕੌਮਾਂ ਦਾ ਕਿਰਦਾਰ ਵੇਖ!

ਕਿਆ ਤਸ਼ੱਰਫ਼ ਹੈ ਤੇਰੇ, ਲਾਲਾਂ ਦਾ ਮੇਰੇ ਦਾਤਿਆ!
ਪਹੁੰਚ ਗਏ ਕਿਥੇ ਤੇਰੇ, ਇਸ ਹੁਸਨ ਦੇ ਪ੍ਰਸਤਾਰ ਵੇਖ!

ਫੁੱਲ ਦੋ ਮਾਸੂਮ ਕੋਮਲ, ਉਮਰ ਸਤ-ਨੌਂ ਸਾਲ ਦੇ,
ਕਤਲਗਾਹ ਵਿਚ ਕਿਸ ਤਰ੍ਹਾਂ, ਕਹਿੰਦੇ ਨੇ ਸ਼ਰਧਾ ਧਾਰ ਵੇਖ!

ਬੇਖ਼ੁਦੀ ਵਧਦੀ ਹੈ ਜਾਂਦੀ, ਦੇਰ ਨਾ ਲਾ ਕਾਤਲਾ!
ਵੇਖੀਏ ਸ਼ਾਹ-ਰਗ ਅਸੀਂ, ਤੂੰ ਜ਼ੁਲਮ ਦੀ ਤਲਵਾਰ ਵੇਖ!

ਵੇਖ ਨੀ ਔਹ ਵੇਖ ਲੈ, ਦੋ ਨੂਰ ਦੇ ਜਲਵੇ ਨਵੇਂ,
ਕੰਧ ਅੰਦਰ ਚਿਣ ਰਹੇ, ਇਹਨਾਂ ਨੂੰ ਜ਼ਾਲਮ-ਜ਼ਾਰ ਵੇਖ!

ਵੇਖ ਸਮਿਆ! ਏਸ ਥਾਂ ਕੁਝ, ਹੋਣ ਵਾਲਾ ਈ ਜ਼ਰੂਰ,
ਲੈ ਕੇ ਕਾਤਲ ਆ ਗਏ ਨੇ, ਜ਼ੁਲਮ ਦੇ ਹਥਿਆਰ ਵੇਖ!

ਨਾਲ ਔਹ ਨੇ ਆ ਰਹੇ, ਦੋ ਚੰਨ ਸੂਰਜ ਵੇਖ ਲੈ,
ਲਾਡਲੇ ਦਸਮੇਸ਼ ਦੇ, ਜੀਤੋ ਦੇ ਬਰਖ਼ੁਰਦਾਰ ਵੇਖ!

ਵੇਖ ਲੈ ਲੱਗੀ ਊ ਉਸਰਨ, ਕੰਧ ਕਾਲੇ ਕਹਿਰ ਦੀ,
ਵਿੱਚ ਨੇ ਕੀਤੇ ਖੜੇ ਦੋ, ਸਿਦਕ ਦੇ ਸੰਸਾਰ ਵੇਖ!

ਇੱਟ ਲਾ ਲਾ ਰਾਜ ਪੁੱਟਦੇ, ਹੈਣ ਮਿੱਟੀ ਰਾਜ ਦੀ,
ਹੈ ਖੜਾ ਲਾਲਾਂ ਦਾ ਜੋੜਾ, ਸਿਦਕ ਦਾ ਅਵਤਾਰ ਵੇਖ!

ਹੋ ਰਹੀ ਹੈ ਹੁਕਮ ਦੀ ਤਾਮੀਲ, ਇਕ ਇਕ ਇੱਟ ਤੇ,
ਗੋਡੇ ਗਿੱਟੇ ਝਾੜਦਾ ਹੈ, ਰਾਜ ਨਾ-ਹੰਜਾਰ ਵੇਖ!

ਕੀ ਕਹਾਂ ਕਰਣੀ ਕਿਹੀ, ਗਾਵਾਂ ਸਿਫ਼ਤ ਕੀ ਏਸ ਦੀ,
ਲਾਲ ਹੱਸ ਹੱਸ ਕਰ ਰਹੇ ਜੋ, ਸਿਦਕ ਦਾ ਇਜ਼ਹਾਰ ਵੇਖ!

ਕੰਬ ਉਠੇ ਫ਼ਰਿਸ਼ਤੇ ਵੀ ਨਜ਼ਾਮੇ ਅਰਸ਼ ਤੇ,
ਫ਼ਰਸ਼ ਉਤੇ ਕੰਬ ਰਹੇ ਨੇ, ਕੁਤਬ ਦੇ ਮੀਨਾਰ ਵੇਖ!

ਪਰ ਨਹੀਂ ਪ੍ਰਵਾਹ ਇਹਨਾਂ ਨੂੰ, ਜਬਰ ਦੀ ਜੱਲਾਦ ਦੀ,
ਭਾਰ ਕਿਤਨਾ ਪਾ ਰਹੀ ਹੈ, ਜ਼ੁਲਮ ਦੀ ਭਰਮਾਰ ਵੇਖ!

ਚਮਕਦੇ ਚੰਨ-ਚਿਹਰਿਆਂ ਤਕ, ਕੰਧ ਖ਼ੂਨੀ ਆ ਗਈ,
ਸਿਦਕ ਦੇ ਪੁਤਲੇ ਖੜੇ ਨੇ, ਵੇਖ ਝਾਤੀ ਮਾਰ ਵੇਖ!

ਫ਼ਤਹ ਸਿੰਘ ਤੇ ਕਿਸ ਤਰ੍ਹਾਂ, ਮਸਤੀ ਚੜ੍ਹੀ ਹੈ ਨਾਮ ਦੀ,
ਆਖਦਾ ਜ਼ੋਰਾਵਰਾ, ਕੀ ਕਰ ਰਿਹੈ ਕਰਤਾਰ ਵੇਖ!

ਸੋਹਣਿਆਂ ਬੁਲ੍ਹਾਂ ਚੋਂ ਅੱਜ, ਅੰਮ੍ਰਿਤ ਦੀ ਵਰਖਾ ਹੋ ਰਹੀ,
ਵੇਖ ਨਿਕਲੇ ਕਿਸ ਤਰ੍ਹਾਂ, ਬੁਲ੍ਹੀਆਂ ਚੋਂ 'ਸਤਿ ਕਰਤਾਰ' ਵੇਖ!

ਜ਼ੁਲਮ ਦੀ ਹੱਦ ਹੋ ਗਈ ਹੈ, ਹੋਰ ਸਖੀਏ ਵੇਖ ਨੀ,
ਹੱਸਦੇ ਫੁੱਲਾਂ ਤੇ ਫਿਰ ਗਈ, ਜ਼ੁਲਮ ਦੀ ਤਲਵਾਰ ਵੇਖ!

ਸਿਰ ਕੱਟਾ ਕੇ ਹੋ ਗਏ, ਸਿਰਤਾਜ ਕਿਸ ਦੇ ਲਾਡਲੇ?
ਵੇਖ ਨੀ ਮੁੜ ਮੁੜ ਕੇ ਜਲਵਾ-ਇਸ਼ਕ, ਸੌ ਸੌ ਵਾਰ ਵੇਖ!

ਨਾ ਪਿਤਾ ਨਾ ਕੋਲ ਮਾਂ, ਨਾ ਸਿੱਖ-ਸਾਥੀ ਸੂਰਮੇ,
ਨਜ਼ਰ ਪਏ ਅਜੀਤ ਨਾ, ਦਿਸਦਾ ਨਾ ਮੂਲ ਜੁਝਾਰ ਵੇਖ!

ਗੁਜਰੀ ਮਾਂ ਦੀ ਰਾਤ ਵੀ ਠੰਢੇ ਬੁਰਜ ਵਿੱਚ ਗੁੱਜਰੇ,
ਹੋਰ ਸਾਰਾ ਵਿਛੜਿਆ, ਦਸਮੇਸ਼ ਦਾ ਪਰਵਾਰ ਵੇਖ!

ਏਸ ਮੁਸ਼ਕਲ ਵਿਚ ਨੇ ਆਈਆਂ ਸਿਰਾਂ ਤੇ ਆਫ਼ਤਾਂ,
ਜ਼ੁਲਮ ਕਿਦਾਂ ਢਾ ਰਿਹਾ ਏ, ਚਰਖ਼ ਨਾ-ਹਜਾਰ ਵੇਖ!

ਇਨ੍ਹਾਂ ਲਾਲਾਂ ਦੀ ਸ਼ਹਾਦਤ, ਰੰਗ ਲਾਏਗੀ ਜ਼ਰੂਰ,
ਵੇਖੀ ਜਾ ਤੂੰ 'ਉਲਫ਼ਤਾ', ਇਹ ਰੰਗ ਪਰਵਰਦਗਾਰ ਵੇਖ!

---

**(ਪੰਨਾ 29 ਦੀ ਬਾਕੀ)**

ਕਸ਼ਟ ਉਠਾਇਆ। ਉਨ੍ਹਾਂ ਦੇ ਦਿਲ ਅੰਦਰ ਗੁਰੂ ਜੀ ਲਈ ਅਤੇ ਉਨ੍ਹਾਂ ਦੀ ਬਖ਼ਸ਼ੀ ਸਿੱਖੀ ਅਤੇ ਕੇਸਾਂ ਲਈ ਕਿਤਨਾ ਪਿਆਰ ਸੀ। ਉਨ੍ਹਾਂ ਨੇ ਇਤਨਾ ਕਸ਼ਟ ਉਠਾਇਆ ਅਤੇ ਮਰਨਾ ਮਨਜ਼ੂਰ ਕੀਤਾ, ਪ੍ਰੰਤੂ ਸਿੱਖੀ ਤੋਂ ਮੂੰਹ ਨਹੀਂ ਮੋੜਿਆ। ਤੁਸੀਂ ਭੀ ਉਹਨਾਂ ਦੇ ਪੂਰਨਿਆਂ ਪਰ ਤੁਰਨਾ ਸਿੱਖੋ ਅਤੇ ਸਿੱਖੀ ਨਾਲ ਉਤਨਾ ਪਿਆਰ ਕਰੋ ਜਿਤਨਾ ਸਾਹਿਬ ਜ਼ੋਰਾਵਰ ਸਿੰਘ ਤੇ ਸਾਹਿਬ ਫਤਹ ਸਿੰਘ ਨੇ ਕੀਤਾ ਸੀ।

# ਗੁਰ-ਮਾਰੀ ਸਰਹਿੰਦ

*(ਭਾਈ ਸੇਵਾ ਸਿੰਘ ਸੇਵਕ)*

ਸੰਨ ੧੭੩੯ ਈਸਵੀ ਨੂੰ ਨਵਾਬ ਕਪੂਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਮਾਲਵੇ ਵਿਚ ਪੁੱਜਣ ਦੀ ਖ਼ਬਰ ਸੁਣ ਕੇ ਬਾਬਾ ਆਲਾ ਸਿੰਘ ਨੇ ਉਹਨਾਂ ਨੂੰ ਬੜੇ ਸਤਿਕਾਰ ਨਾਲ 'ਜੀ ਆਇਆ' ਆਖਿਆ ਅਤੇ ਠੀਕਰੀ ਵਾਲੇ ਉਤਾਰਾ ਕਰਵਾਇਆ। ਲੰਗਰ ਵਾਸਤੇ ਖੁਲ੍ਹੀਆਂ ਰਸਦਾਂ ਭੇਜ ਦਿਤੀਆਂ। ਬਹੁਤ ਸਾਰਾ ਦਸਵੰਧ ਜਮ੍ਹਾ ਹੋਇਆ ਸੀ, ਜੋ ਪੰਥ ਦੇ ਕੰਮਾਂ ਲਈ ਖ਼ਰਚ ਕਰਨ ਵਾਸਤੇ ਕਪੂਰ ਸਿੰਘ ਦੇ ਹਵਾਲੇ ਕੀਤਾ ਗਿਆ। ਭਾਦੋਂ ਦੀ ਸੰਗਰਾਂਦ ਵਾਲੇ ਦਿਨ ਬਾਬਾ ਆਲਾ ਸਿੰਘ ਨੇ ਆਪਣੇ ਸ਼ਾਹੀ ਮਕਾਨ ਵਿਚ ਅਖੰਡ ਪਾਠ ਦਾ ਭੋਗ ਪਵਾਇਆ ਤੇ ਕਪੂਰ ਸਿੰਘ ਜੀ ਦੀ ਜੱਥੇਦਾਰੀ ਹੇਠ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ। ਹਜ਼ਾਰਾਂ ਰੁਪਿਆਂ ਦੇ ਸ਼ਸਤਰ ਬਸਤਰ, ਘੋੜੇ, ਭਾਂਤ ਭਾਂਤ ਰੰਗਾਂ ਦੇ ਖੇਸ, ਲੁੰਗੀਆਂ ਅਤੇ ਰੇਸ਼ਮੀ ਦੁਸ਼ਾਲੇ ਜਥੇ ਦੀ ਭੇਟ ਕੀਤੇ। ਇਸ ਖੁਸ਼ੀ ਵਿਚ ਬਾਬਾ ਆਲਾ ਸਿੰਘ ਨੇ ਠੀਕਰੀ ਵਾਲੇ ਵਿਖੇ ਨਵਾਬ ਕਪੂਰ ਸਿੰਘ ਦੇ ਅਸਥਾਨ ਤੇ ਸਦੀਵੀ ਯਾਦਗਾਰ ਕਾਇਮ ਕਰਨ ਲਈ ਇਕ ਖੂਹ ਲਵਾਇਆ, ਜੋ ਅਜੇ ਤਕ ਕਾਇਮ ਹੈ। ਅੰਮ੍ਰਿਤ ਪਾਠ ਕਰਨ ਉਪਰੰਤ ਨਵਾਬ ਕਪੂਰ ਸਿੰਘ ਦੇ ਬੁੱਢੇ ਦਲ ਦੀ ਸਹਾਇਤਾ ਨਾਲ ਆਲਾ ਸਿੰਘ ਨੇ ਰਿਆਸਤ ਪਟਿਆਲਾ ਤੇ ਨਾਲ ਲਗਵੇਂ ਮੁਸਲਿਮ ਰਈਸਾਂ ਦੇ ਇਲਾਕੇ ਆਪਣੇ ਤਹਿਤ ਵਿਚ ਲੈ ਆਂਦੇ। ਇਹ ਰਈਸ ਪਟਿਆਲਾ ਰਿਆਸਤ ਦਾ ਅਮਨ ਭੰਗ ਕਰਦੇ ਰਹਿੰਦੇ ਸਨ। ਫਿਰ ਬਾਬਾ ਆਲਾ ਸਿੰਘ ਦੇ ਕਹਿਣ ਉਤੇ ਸਰਹਿੰਦ ਦੀ ਨਿਰਦਈ ਹਕੂਮਤ ਨੂੰ ਮੱਧਣ ਦਾ ਪ੍ਰੋਗਰਾਮ ਬਣਾਇਆ ਗਿਆ।

ਭਾਰਤ ਦੇ ਮੁਸਲਿਮ ਇਤਿਹਾਸ ਵਿਚ ਸਰਹਿੰਦ ਸ਼ਹਿਰ ਵਿਸ਼ੇਸ਼ ਮਹਾਨਤਾ ਰਖਦਾ ਸੀ। ਫ਼ੀਰੋਜ਼ ਸ਼ਾਹ ਤੁਗਲਕ ਨੇ ਇਸ ਸ਼ਹਿਰ ਨੂੰ ਬੜੀ ਰੌਣਕ ਦਿਤੀ ਸੀ। ਮੁਗ਼ਲ ਰਾਜ ਸਮੇਂ ਵੀ ਅਕਬਰ ਵਰਗੇ ਮਸ਼ਹੂਰ ਸ਼ਹਿਨਸ਼ਾਹ ਗਰਮੀਆਂ ਵਿਚ ਕਸ਼ਮੀਰੋਂ ਮੁੜਦੇ ਹੋਏ ਇਥੇ ਠਹਿਰਦੇ ਹੁੰਦੇ ਸਨ। ਇਹ ਇਕ ਵੱਖਰਾ ਸੂਬਾ ਹੁੰਦਾ ਸੀ ਅਤੇ ਇਸ ਦੇ ਅਧੀਨ ੨੨ ਪਰਗਣੇ ਹੁੰਦੇ ਸਨ। ਇਥੇ ਹੀ ਵਜ਼ੀਰ ਖ਼ਾਨ ਨੇ ਕਲਗੀਧਰ ਦੇ ਦੋ ਮਸੂਮ ਸਾਹਿਬਜ਼ਾਦੇ ਨੀਂਹਾਂ ਵਿਚ ਚਿਣਾਏ ਸਨ। ਉਸ ਦਿਨ ਤੋਂ ਪਿਛੋਂ ਸਿੰਘ ਸਰਹਿੰਦ ਨੂੰ ਗੁਰੂ-ਮਾਰੀ ਸਰਹਿੰਦ ਕਹਿਣ ਲਗ ਪਏ ਸਨ ਹਰੇਕ ਸਿੰਘ ਨੂੰ ਇਸ ਟਿਕਾਣੇ ਤੋਂ ਇਤਨੀ ਘਿਰਣਾ ਸੀ ਕਿ ਜਦ ਵੀ ਖ਼ਾਲਸੇ ਦਾ ਕੋਈ ਜੱਥਾ ਇਸ ਦੇ ਆਸੇ ਪਾਸੇ ਤੋਂ ਗੁਜ਼ਰਦਾ ਅਤੇ ਸਰਹਿੰਦ ਦਾ ਨਾਮ ਸੁਣਦਾ ਤਾਂ ਸਿੰਘਾਂ ਦੇ ਚਿਹਰੇ ਗੁੱਸੇ ਨਾਲ ਲਾਲ ਹੋ ਜਾਂਦੇ, ਉਹਨਾਂ ਦੀਆਂ ਭਵਾ ਤਣ ਜਾਂਦੀਆਂ। ਉਹ ਆਪਣਾ ਰਾਹ ਛਡ ਦਿੰਦੇ ਤੇ ਸਰਹਿੰਦ ਵਲ ਮੂੰਹ ਕਰ ਲੈਂਦੇ। ਉਹ ਜ਼ਖਮੀ ਸ਼ੇਰਾਂ ਵਾਂਗ ਸਰਹਿੰਦ ਦੇ ਖੋਲਿਆਂ ਉਤੇ ਪੈਂਦੇ ਤੇ ਉਸ ਦੀਆਂ ਰਹਿੰਦੀਆਂ ਖੂੰਦੀਆ ਇੱਟਾਂ ਪੁੱਟ ਕੇ ਨਾਲ ਵਗਦੀ ਨਦੀ ਵਿਚ ਸੁਟਦੇ ਤਾਂ ਇਉਂ ਆਪਣਾ ਗੁੱਸਾ ਮਨਾਇਆ ਕਰਦੇ। ਇਸ ਤਰ੍ਹਾਂ ਗੁਰੂ ਮਾਰੀ ਸਰਹਿੰਦ ਨੂੰ ਥੋੜੇ ਥੋੜੇ ਵਕਫ਼ੇ ਪਿਛੋਂ ਮਾਰ ਪੈਂਦੀ ਰਹਿੰਦੀ।

੧੭੧੦ ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਇਸੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਸੀ ਤੇ ਚੌ-ਬਲਦਾ ਸੁਹਾਗਾ ਫੇਰਿਆ ਸੀ। ਹੁਣ ਸਰਹਿੰਦ ਉਤੇ ਨਵਾਬ ਕਪੂਰ ਸਿੰਘ ਦੇ ਹੁਕਮ ਨਾਲ ਖਾਲਸਾ ਦਲ ਟੁੱਟ ਪਿਆ। ਤੁਰਕੀ ਫ਼ੌਜ ਮੈਦਾਨ ਛੱਡ ਕੇ ਭੱਜ ਗਈ ਤੇ ਖ਼ਾਲਸਾ ਦਲ ਵਿਜੇ ਦਾ ਝੰਡਾ ਲੈ ਕੇ ਸ਼ਾਹੀ ਖ਼ਜ਼ਾਨੇ ਉਤੇ ਜਾ ਪਿਆ। ਲੱਖਾਂ ਰੁਪਏ ਜੋ ਦਿਲੀ ਭੇਜਣ ਲਈ ਇਨ੍ਹਾਂ ਨੇ ਗਰੀਬਾਂ ਉਤੇ ਅਤਿਆਚਾਰ ਕਰ ਕੇ ਆਪਣੇ ਖ਼ਜਾਨੇ ਭਰੇ ਹੋਏ ਸਨ, ਲੁੱਟ ਲਏ ਗਏ। ਬਹੁਤ ਸਾਰੇ ਚੰਗੇ ਘੋੜੇ ਤੇ ਹਥਿਆਰ ਖ਼ਾਲਸੇ ਦੇ ਹੱਥ ਲਗੇ। ਕਈ ਦਿਨ ਉਥੇ ਠਹਿਰਨ ਤੋਂ ਬਾਅਦ ਖ਼ਾਲਸਾ ਦਲ ਨੇ ਸਰਹਿੰਦ ਦਾ ਰਾਜ ਬਾਬਾ ਆਲਾ ਸਿੰਘ ਦੇ

ਸਪੁਰਦ ਕਰ ਕੇ ਕੂਚ ਕਰ ਦਿੱਤਾ।

ਸਰਹਿੰਦ ਤੋਂ ਚਲ ਕੇ ਕਪੂਰ ਸਿੰਘ ਦੀ ਅਗਵਾਈ ਹੇਠ ਬੁਢੇ ਦਲ ਨੇ ਦਰਿਆ ਬਿਆਸ ਪਾਰ ਕਰ ਕੇ, ਸ੍ਰੀ ਗੋਇੰਦਵਾਲ ਤੇ ਸ੍ਰੀ ਤਰਨ ਤਾਰਨ ਦੇ ਇਸ਼ਨਾਨ ਕਰ ਕੇ, ਬਾਸਰਕੇ ਬੀੜ ਵਿਚ ਜਾ ਡੇਰਾ ਲਾਇਆ। ਦਲ ਨੂੰ ਬੀੜ ਵਿਚ ਅਜੇ ਟਿਕਿਆਂ ਦੋ ਹੀ ਦਿਨ ਹੋਏ ਸਨ ਕਿ ਲਾਹੌਰ ਦੀ ਸ਼ਾਹੀ ਫ਼ੌਜ ਨੇ ਸੱਤ ਹਜ਼ਾਰ ਦੀ ਗਿਣਤੀ ਨਾਲ ਬੀੜ ਦਾ ਘੇਰਾ ਘੱਤ ਲਿਆ। ਖ਼ਾਨ ਬਹਾਦਰ ਨੂੰ ਸਰਹਿੰਦ ਦੇ ਉਜਾੜੇ ਦਾ ਦੁਖ ਸੀ। ਉਸ ਨੂੰ ਵੀ ਪਤਾ ਲਗ ਗਿਆ ਸੀ ਕਿ ਸਰਹਿੰਦ ਦਾ ਖ਼ਜ਼ਾਨਾ ਅਜੇ ਖ਼ਾਲਸੇ ਦੇ ਪਾਸ ਉਸੇ ਤਰ੍ਹਾਂ ਪਿਆ ਹੈ। ਸ਼ਾਹੀ ਫ਼ੌਜ ਦੀ ਅਗਵਾਈ ਕਰਨ ਲਈ ਹੈਬਤ ਖਾਂ, ਦੀਵਾਨ ਲਖਪਤ ਰਾਏ, ਸਲਾਬਤ ਖਾਂ ਅਤੇ ਕੁਤਬਦੀਨ ਖ਼ਾਨ ਆਦਿ ਜਰਨਲ ਮੁਕੱਰਰ ਕੀਤੇ ਗਏ। ਸੱਤ ਹਜ਼ਾਰ ਦੀ ਗਿਣਤੀ ਨੇ ਖ਼ਾਲਸੇ ਨੂੰ ਸੱਜੇ ਖੱਬੇ ਤੋਂ ਘੇਰ ਲਿਆ। ਫ਼ੌਜ ਦੇ ਪਹੁੰਚਣ ਸਾਰ ਕਪੂਰ ਸਿੰਘ ਨੇ ਬੁੱਢਾ ਦਲ ਦੇ ਦੋ ਹਿੱਸੇ ਕਰ ਦਿਤੇ। ਅੱਧੇ ਸਿੰਘ ਤਾਂ ਡਟ ਕੇ ਟਾਕਰਾ ਕਰਦੇ ਰਹੇ ਤੇ ਅਧੇ ਰਾਤ ਦੇ ਹਨੇਰੇ ਵਿਚ ਖ਼ਜ਼ਾਨਾ ਸਮੇਟ ਕੇ ਨੀਯਤ ਕੀਤੀ ਥਾਂ ਪੁਰ ਲੈ ਗਏ। ਖ਼ਜ਼ਾਨੇ ਨੂੰ ਲੈ ਜਾਣ ਦਾ ਕੰਮ ਜੱਸਾ ਸਿੰਘ ਆਹਲੂਵਾਲੀਏ ਨੇ ਕੀਤਾ। ਨਵਾਬ ਕਪੂਰ ਸਿੰਘ ਨੇ ਅੱਧੀ ਰਾਤ ਤਕ ਵੈਰੀ ਨੂੰ ਚੰਗੀ ਤਰ੍ਹਾਂ ਰੁਝੇਵੇਂ ਵਿਚ ਰਖਿਆ। ਜਦ ਉਨ੍ਹਾਂ ਸਮਝਿਆ ਕਿ ਹੁਣ ਖ਼ਜ਼ਾਨਾ ਕਾਫ਼ੀ ਦੂਰ ਚਲਾ ਗਿਆ ਹੋਵੇਗਾ ਤਾਂ ਹੌਲੀ ਹੌਲੀ ਖ਼ਾਲਸੇ ਨੇ ਯੁੱਧ-ਨੀਤੀ ਅਨੁਸਾਰ ਪਿਛਾਂਹ ਹਟਣਾ ਸ਼ੁਰੂ ਕਰ ਦਿੱਤਾ। ਵੈਰੀ ਨੇ ਅਗਾਂਹ ਵਧ ਕੇ ਹਮਲਾ ਕਰ ਦਿਤਾ। ਪਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਇਸ ਯੁੱਧ ਵਿਚ ਸਲਾਬਤ ਖ਼ਾਨ, ਕੁਤਬਦੀਨ ਖ਼ਾਂ ਤੇ ਅਬਦੁੱਲ ਸਯੱਦ ਦਾ ਜਵਾਈ ਮਾਰੇ ਗਏ। ਇਨ੍ਹਾਂ ਜਰਨੈਲਾਂ ਦੀ ਮੌਤ ਹੋਣ ਨਾਲ ਸ਼ਾਹੀ ਫ਼ੌਜ ਬੇ-ਹੌਸਲਾ ਹੋ ਕੇ ਮੈਦਾਨ ਵਿਚੋਂ ਖਿਸਕਣ ਲਗੀ ਤੇ ਖ਼ਾਲਸਾ ਤਿਤਰ ਬਿਤਰ ਹੋ ਗਿਆ।

ਗੁਰੂ ਜੀ ਦੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲਿਆਂ ਦੀ ਸਰਹਿੰਦ ਤਾਂ ਖੋਲੇ-ਖੋਲੇ ਹੋ ਗਈ ਪਰ ਸਾਹਿਬਜ਼ਾਦਿਆਂ ਦੀ ਯਾਦ ਵਿਚ ਗੁਰਦਵਾਰਾ ਫ਼ਤਿਹਗੜ੍ਹ ਸਾਹਿਬ ਦੇ ਝੂਲਦੇ ਨਿਸ਼ਾਨ ਸਾਹਿਬ ਮੀਲਾਂ ਤੋਂ ਦਿਖਾਈ ਦੇ ਰਹੇ ਹਨ।

***(ਪੰਨਾ 25 ਦੀ ਬਾਕੀ)***

ਦੇ ਨਾਲ ਦੋਸਤੀ (ਸਮੀਪੀ ਸਨਬੰਧ ਨਾਤੇ) ਗੰਢਦੇ ਹਨ (ਅਥਵਾ ਰਖਦੇ ਹਨ) ਅਤੇ ਬੇਦੀਨਾਂ ਦਾ ਖਾਣਾ ਖਾਂਦੇ ਹਨ, ਓਹ ਸਿਫਤਾਂ (ਪ੍ਰਮਾਰਥੀ ਸਿਫਤ ਸਾਲਾਹਾਂ) ਸੰਦੀ ਸਾਰ ਨਹੀਂ ਜਾਣਦੇ ਅਤੇ ਓਹਨਾਂ ਦੇ ਅੰਦਰ ਸਦਾ ਸ਼ੈਤਾਨ ਵਸਦਾ ਹੈ। ਉਹਨਾਂ ਦੀ ਗਤੀ ਗਧਿਆਂ (ਖੋਤਿਆਂ) ਦੇ ਨਿਆਈਂ ਹੁੰਦੀ ਹੈ, ਉਹਨਾਂ ਨੂੰ ਚਾਹੇ ਚੰਨਣ ਵਿਚ ਨਵਾਲਿਆ (ਲਿਬੇੜਿਆ ਲਿਪਿਆ) ਜਾਵੇ ਪਰ ਉਹ ਫੇਰ ਭੀ ਸੁਆਹ (ਖੇਹ) ਵਿਚ ਜਾ ਕੇ ਹੀ ਲਿਟਣਗੇ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਕੂੜਾਵਾ ਕਤਣ ਕਤਿਆ ਜਾਵੇ ਤਾਂ ਕੂੜ ਦਾ ਹੀ ਤਾਣਾ ਤਣੀਦਾ ਹੈ ਅਤੇ ਕੂੜ ਦਾ ਕਪੜਾ ਕਛ ਕੇ ਤਿਆਰ ਕੀਤਾ ਜਾਵੇ ਤਾਂ ਓਸ ਦਾ ਪਹਿਨਣਾ ਭੀ ਕੂੜਾ ਹੈ ਅਤੇ ਉਸ ਪਹਿਨਣ ਦਾ ਮਾਣ ਕਰਨਾ ਵੀ ਕੂੜਾ ਹੈ। ਏਥੇ ਸਾਰੇ ਸ਼ਬਦ ਦੀ ਵਿਆਖਿਆ ਦੀ ਲੋੜ ਨਹੀਂ, ਕਰਣ ਸੰਬੰਧੀ 'ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥' ਵਾਲਾ ਸਾਖਾ ਹਦਾਇਤ ਮਈ ਹੁਕਮ ਜੋ ਇਹ ਗੁਰਵਾਕ ਦਿੰਦਾ ਹੈ ਉਸ ਤੋਂ ਤਾਂ ਸਾਫ ਸਿਧ ਹੁੰਦਾ ਹੈ ਕਿ ਬੇਦੀਨਾ ਕੀ ਦੋਸਤੀ ਅਤੇ ਬੇਦੀਨਾਂ ਕਾ ਖਾਣ ਗੁਰਮਤਿ ਅੰਦਰ ਬਿਬਰਜਤ ਹੈ। ਏਸ ਦਾ ਭਾਵ ਐਨ ਓਹੀ ਹੈ ਜੋ ਅੰਮ੍ਰਿਤ ਛਕਣ ਸਮੇਂ ਦ੍ਰਿੜਾਇਆ ਜਾਂਦਾ ਹੈ ਕਿ ਰੋਟੀ, ਬੇਟੀ ਦੀ ਸਾਂਝ ਵਰਤੋਂ ਖਾਲਸਾ ਨਾਲ ਹੀ ਰੱਖਣੀ, ਅਨਮਤੀਆਂ ਨਾਲ ਨਹੀਂ ਰਖਣੀ।

'ਬੇਦੀਨ' (ਵੇਦੀਨ) ਪਦ ਉਤੇ ਅਕਸਰ ਏਅਤਰਾਜ਼ ਇਹ ਹੁੰਦਾ ਹੈ ਕਿ ਕੀ ਗੁਰਮਤਿ ਤੋਂ ਬਿਨਾਂ ਹੋਰ (ਆਨ) ਮਤਾਂ ਵਾਲਿਆਂ ਦਾ ਕੋਈ ਦੀਨ ਨਹੀਂ? ਕੀ ਸਾਰੇ ਦੀਨ ਮਜ਼ਹਬ ਬੇਦੀਨੇ ਹਨ ਸੋ ਏਸ ਦਾ ਉੱਤਰ ਇਹ ਹੈ ਕਿ ਅਸੀਂ ਤਾਂ ਕੇਵਲ ਗੁਰਮਤਿ ਅਸੂਲਾਂ ਦੀ ਕਸੌਟੀ ਅਨੁਸਾਰ 'ਬੇਦੀਨ' ਪਦ ਦੀ ਹੈਸੀਅਤ ਨੂੰ ਪਰਖਣਾ ਹੈ, ਨਾ ਕਿ ਅਨਮਤਾਂ ਦੀ ਆਪੋ ਆਪਣੀ ਅਵਸਥਾ ਅਨੁਸਾਰ। ਗੁਰਮਤਿ ਅਸੂਲਾਂ ਦੀ ਰੌਸ਼ਨੀ ਦੇ ਸਾਹਮਣੇ (ਕੇਵਲ ਗੁਰਮਤਿ ਹੀ ਇਕ ਸੱਚਾ ਅਤੇ ਸਦੀਵੀ ਧਰਮ ਹੈ) ਗੁਰਮਤਿ ਧਰਮ (ਦੀਨ ਮਜ਼ਹਬ) ਤੋਂ ਬਿਨਾਂ ਜਿਤਨੇ ਭੀ ਹੋਰ ਮਤ-ਮਤਾਂਤਰ ਹਨ, ਸਾਡੇ ਵਾਸਤੇ ਇਸ ਵਰਤਮਾਨ ਕਾਲ ਵਿਖੇ (ਫ਼ੀ ਜ਼ਮਾਨਾ) 'ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥' ਗੁਰਵਾਕ ਦਸਦਾ ਹੈ ਕਿ ਏਕੋ ਗੁਰਮਤਿ ਧਰਮ ਹੀ ਸੱਚਾ ਹੈ ਅਤੇ ਏਸੇ ਨੇ ਹੀ ਜੁਗਾਂ-ਜੁਗਾਂਤਰਾਂ ਤਾਈਂ ਪੂਰਾ ਉਤਰਨਾ ਹੈ। *'ਗੁਰਮਤਿ ਬਿਬੇਕ ਪੁਸਤਕ ਵਿਚੋਂ'*

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਕਰਜ਼ ਬੰਦਾ ਬਹਾਦਰ ਨੇ ਮੋੜਿਆ

*[ਡਾ. ਹਰਚੰਦ ਸਿੰਘ ਜੀ]*

ਬੇਸ਼ੱਕ ਸਿੱਖਾਂ ਨੇ ਆਪਣੀ ਚੜ੍ਹਤ ਦੌਰਾਨ ਸਰਹਿੰਦ ਨੂੰ ਕਈ ਵਾਰ ਫ਼ਤਹਿ ਕੀਤਾ ਪਰ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸੰਨ ੧੭੧੦ ਈ. ਵਿਚ ਸਰਹਿੰਦ ਨੂੰ ਪਹਿਲੀ ਵਾਰ ਫ਼ਤਹਿ ਕਰਨਾ ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦਾ ਹੈ। ਇਸ ਘਟਨਾ ਨੇ ਮੁਗ਼ਲਾਂ ਦੀ ਜ਼ੁਲਮ-ਜਬਰ ਨਾਲ ਨੱਕੋ-ਨੱਕ ਭਰੀ ਸਲਤਨਤ ਦੇ ਕਿੰਗਰੇ ਢਹਿ-ਢੇਰੀ ਕਰਨ ਦੀ ਸ਼ੁਰੂਆਤ ਕੀਤੀ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਸਰਹਿੰਦ ਦੀ ਜਿੱਤ, ਮੁਗ਼ਲਾਂ ਦੀ ਤਬਾਹੀ ਵੱਲ ਵਧਿਆ ਸਿੱਖਾਂ ਦਾ ਪਹਿਲਾ ਭਰਵਾਂ ਕਦਮ ਸੀ, ਜਿਸ ਨੇ ਮੁਗ਼ਲਾਂ ਦੇ ਅਜਿੱਤ ਹੋਣ ਦੇ ਘੁਮੰਡ ਨੂੰ ਤੋੜ ਕੇ ਰੱਖ ਦਿੱਤਾ। ਸੱਚ ਤਾਂ ਇਹ ਹੈ ਕਿ ਇਸ ਘਟਨਾ ਨੇ ਮੁਗ਼ਲ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਅਤੇ ਸਿੱਖ ਰਾਜ ਦੀ ਸਥਾਪਨਾ ਦਾ ਮੁੱਢ ਬੰਨ੍ਹਿਆ।

ਆਓ ਵੇਖੀਏ ਕਿ ਘਟਨਾਵਾਂ ਦਾ ਸਿਲਸਿਲਾ ਕਿਥੋਂ ਸ਼ੁਰੂ ਹੁੰਦਾ ਹੈ ਅਤੇ ਇਤਿਹਾਸ ਦੀ ਹਿੱਕ 'ਤੇ ਪੈੜਾਂ ਪਾਉਂਦਾ ਕਿੱਥੇ ਜਾ ਕੇ ਖ਼ਤਮ ਹੁੰਦਾ ਹੈ। ਗੱਲ ਨੂੰ ਅਸਰਦਾਰ ਢੰਗ ਨਾਲ ਸਮਝਣ ਲਈ ਪਹਿਲਾਂ ਇਸ ਘਟਨਾ ਦੇ ਇਤਿਹਾਸਕ ਪਿਛੋਕੜ ਬਾਰੇ ਸੰਖੇਪ ਵਿਚ ਜਾਣਕਾਰੀ ਹਾਸਲ ਕਰਨੀ ਪਵੇਗੀ, ਯਾਨੀ ਪਹਿਲਾਂ ਸਿੱਖ ਇਤਿਹਾਸ ਦੇ ਕੁਝ ਲਹੂ-ਭਿੱਜੇ ਵਰਕੇ ਫਰੋਲਣੇ ਪੈਣਗੇ।

ਸੂਬੇਦਾਰ ਵਜ਼ੀਰ ਖ਼ਾਂ (ਸੂਬਾ ਸਰਹਿੰਦ) ਵੱਲੋਂ ਮਿਤੀ ੨੭ ਦਸੰਬਰ, ੧੭੦੪ ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਨ ਦੀ ਮੰਦਭਾਗੀ ਘਟਨਾ (ਸਾਕਾ ਸਰਹਿੰਦ) ਤੇ ਬੰਦਾ ਬਹਾਦਰ ਵੱਲੋਂ ਸਰਹਿੰਦ ਦੀ 'ਇੱਟ ਨਾਲ ਇੱਟ ਖੜਕਾਉਣ' ਦਾ ਆਪਸ ਵਿਚ ਸਿੱਧਾ ਸੰਬੰਧ ਹੈ। ਸਾਕਾ ਸਰਹਿੰਦ ਨੇ ਸਿੱਖ ਮਾਨਸਿਕਤਾ 'ਤੇ ਡੂੰਘਾ ਪੱਛ ਮਾਰਿਆ। ਇਹ ਇਸ ਘਟਨਾ ਦਾ ਹੀ ਪ੍ਰਤੀਕਰਮ ਸੀ ਕਿ ਮੁਗ਼ਲਾਂ ਵਿਰੁੱਧ ਸਿੱਖਾਂ ਦੇ ਸੰਘਰਸ਼ ਨੇ ਇਕ ਕ੍ਰਾਂਤੀਕਾਰੀ ਲਹਿਰ ਅਤੇ ਜ਼ੁਲਮ ਵਿਰੁੱਧ ਉੱਠੇ ਇਨਕਲਾਬ ਦਾ ਰੂਪ ਧਾਰਨ ਕਰ ਲਿਆ। ਇਸ ਸਮੇਂ ਬੰਦਾ ਬਹਾਦਰ ਨੇ ਸਿੱਖ ਸ਼ਕਤੀ ਨੂੰ ਸੰਗਠਿਤ ਕੀਤਾ। ਇਸ ਤਰ੍ਹਾਂ ਸਾਕਾ ਸਰਹਿੰਦ ਤੋਂ ਥੋੜ੍ਹੇ ਅਰਸੇ ਬਾਅਦ ਹੀ ਸਿੱਖਾਂ ਨੇ ਬੰਦਾ ਬਹਾਦਰ ਦੀ ਕਮਾਨ ਹੇਠ ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਬਕੌਲ ਅੱਲ੍ਹਾ ਯਾਰ ਖ਼ਾਂ ਜੋਗੀ :

*'ਜੋਗੀ ਜੀ' ਇਸ ਕੇ ਬਾਦ ਹੋਈ ਥੋੜੀ ਦੇਰ ਥੀ।*
*ਬਸਤੀ ਸਰਹੰਦ ਸ਼ਹਿਰ ਕੀ, ਈਟੋਂ ਕਾ ਢੇਰ ਥੀ।*

ਬੇਸ਼ੱਕ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਅਡੋਲ ਰਹੇ ਪਰ ਉਨ੍ਹਾਂ ਨੇ ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਦਾ ਨਿਸ਼ਚਾ ਕਰ ਲਿਆ। ਇਸ ਕਾਰਜ ਲਈ ਗੁਰੂ ਸਾਹਿਬ ਨੇ ਸਿੱਖਾਂ ਨੂੰ ਮਾਨਸਿਕ ਤੇ ਜਥੇਬੰਦਕ ਤੌਰ 'ਤੇ ਤਿਆਰ ਕੀਤਾ। ਇਸ ਤਰ੍ਹਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਲਗਪਗ ਚਾਰ ਸਾਲਾਂ ਬਾਅਦ ਅਜਿਹੇ ਹਾਲਾਤ ਪੈਦਾ ਹੋ ਗਏ ਕਿ ਸਮੁੱਚਾ ਸਿੱਖ ਜਗਤ, ਇਸ ਜ਼ੁਲਮ ਦਾ ਬਦਲਾ ਲੈਣ ਲਈ ਬੜੀ ਬੇਸਬਰੀ ਨਾਲ 'ਪੱਬਾਂ ਭਾਰ ਹੋ ਕੇ' ਵਕਤ ਦਾ ਇੰਤਜ਼ਾਰ ਕਰਨ ਲੱਗਾ।

ਅੰਤ ਇੰਤਜ਼ਾਰ ਦੀਆਂ ਘੜੀਆਂ ਮੁੱਕ ਗਈਆਂ। ਇਤਿਹਾਸ ਦੇ ਇਸ ਨਾਜ਼ੁਕ ਤੇ ਕਾਲੇ ਦੌਰ ਵਿਚ ਸਿੱਖਾਂ ਦੀ ਰਹਿਨੁਮਾਈ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ੩ ਸਤੰਬਰ, ੧੭੦੮ ਈ. ਨੂੰ ਗੋਦਾਵਰੀ ਦੇ ਕੰਢੇ ਨੰਦੇੜ ਵਿਖੇ ਬੜੇ ਨਾਟਕੀ ਢੰਗ ਨਾਲ ਬੰਦਾ ਬਹਾਦਰ ਦੀ ਚੋਣ ਕੀਤੀ। (ਬੰਦਾ ਬਹਾਦਰ ਦੀ ਉਮਰ ਉਸ ਵੇਲੇ ੩੮ ਵਰ੍ਹਿਆਂ ਦੀ ਸੀ ਅਤੇ ਉਹ ਗੁਰੂ ਗੋਬਿੰਦ ਸਿੰਘ ਜੀ ਤੋਂ ਲਗਪਗ

ਚਾਰ ਸਾਲ ਛੋਟਾ ਸੀ)।

ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬਹਾਦਰ ਨੂੰ 'ਬਹਾਦਰ' ਦਾ ਖ਼ਿਤਾਬ ਦੇ ਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪੰਜਾਬ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪੰਜਾਬ 'ਤੇ ਚੜ੍ਹਾਈ ਕਰਨ ਲਈ ਇਹ ਬਹੁਤ ਢੁਕਵਾਂ ਸਮਾਂ ਸੀ ਕਿਉਂਕਿ ਉਸ ਸਮੇਂ ਪੰਜਾਬ ਅੰਦਰ ਅਸਥਿਰਤਾ ਅਤੇ ਰਾਜਸੀ ਉਥਲ-ਪੁਥਲ ਦਾ ਮਾਹੌਲ ਪੈਦਾ ਹੋ ਚੁੱਕਾ ਸੀ। ਇਸ ਸਮੇਂ ਬੰਦਾ ਬਹਾਦਰ ਨੂੰ ਮੈਦਾਨ ਵਿਚ ਉਤਾਰਨਾ, ਗੁਰੂ ਸਾਹਿਬ ਦੀ ਤੀਖਣ ਬੁੱਧੀ, ਉੱਚ ਮਨੋਵਿਗਿਆਨਕ ਯੋਗਤਾ, ਜੰਗੀ ਸੂਝ ਤੇ ਪੈਂਤੜੇਬਾਜ਼ੀ ਦਾ ਸਿਖਰ ਕਿਹਾ ਜਾ ਸਕਦਾ ਹੈ।

**ਬੰਦਾ ਬਹਾਦਰ ਦਾ ਪੰਜਾਬ ਵੱਲ ਕੂਚ ਕਰਨਾ** – ਗੁਰੂ ਗੋਬਿੰਦ ਸਿੰਘ ਵਲੋਂ ਉਲੀਕਿਆ ਪ੍ਰੋਗਰਾਮ ਲੈ ਕੇ ਬੰਦਾ ਬਹਾਦਰ, ਨੰਦੇੜ (ਦੱਖਣ) ਤੋਂ ਹਨੇਰੀ ਵਾਂਗ ਪੰਜਾਬ ਵੱਲ ਵਧਣ ਲੱਗਾ। ਬੰਦਾ ਬਹਾਦਰ, ਅਕਤੂਬਰ ੧੭੦੮ ਦੇ ਆਸ-ਪਾਸ ਪੰਜਾਬ ਲਈ ਰਵਾਨਾ ਹੋਇਆ। ਉਸ ਸਮੇਂ ਉਸ ਨਾਲ ਕੇਵਲ ੨੫ ਸਿੰਘ ਸਨ। ਦਿੱਲੀ ਟਪਦਿਆਂ ਹੀ ਲੋਕ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀਨਿਧ ਸਮਝਦੇ ਹੋਏ ਟੋਲਿਆਂ ਵਿਚ ਉਸ ਕੋਲ ਆਉਣ ਲੱਗੇ। ਮੁਹੰਮਦ ਕਾਸਮ ਤੇ ਖ਼ਫ਼ੀ ਖ਼ਾਨ ਲਿਖਦੇ ਹਨ ਕਿ ਛੇਤੀ ਹੀ ਉਸ ਦੀ ਕਮਾਨ ਹੇਠ ੪,੦੦੦ ਘੋੜ-ਸਵਾਰ ਅਤੇ ੭,੮੦੦ ਪੈਦਲ ਇਕੱਠੇ ਹੋ ਗਏ। ਡਾ. ਗੋਕਲ ਚੰਦ ਨਾਰੰਗ ਲਿਖਦਾ ਹੈ ਕਿ ਛੇਤੀ ਹੀ ਪੈਦਲ ਸੈਨਿਕਾਂ ਦੀ ਗਿਣਤੀ ੮,੯੦੦ ਹੋ ਗਈ ਅਤੇ ਅੰਤ ੪੦,੦੦੦ ਤਕ ਪਹੁੰਚ ਗਈ। ਲੁੱਟਮਾਰ ਦੇ ਇਰਾਦੇ ਨਾਲ ਕੁਝ ਲੁਟੇਰੇ ਤੇ ਡਾਕੂ ਵੀ ਨਾਲ ਆ ਰਲੇ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਤੋਂ ਇਲਾਵਾ ਬੰਦਾ ਬਹਾਦਰ ਦੀ ਚੁੰਬਕੀ ਖਿੱਚ ਕਾਰਨ ਵੀ ਲੋਕ ਉਸ ਵੱਲ ਖਿੱਚੇ ਤੁਰੇ ਆਏ।

ਬੰਦਾ ਬਹਾਦਰ ਦੀ ਕਮਾਨ ਹੇਠ ਸਿੰਘਾਂ ਦੀ ਤਿਆਰੀ ਵੇਖ ਕੇ ਸੂਬਾ ਸਰਹਿੰਦ ਨੂੰ ਕਾਂਬਾ ਛਿੜ ਗਿਆ। ਸੋਹਣ ਸਿੰਘ ਆਪਣੀ ਪੁਸਤਕ ਬੰਦਾ ਦੀ ਬਰੇਵ ਦੇ ਪੰਨਾ ੪੦ ਉੱਤੇ ਲਿਖਦਾ ਹੈ : ਜੰਗ ਸ਼ੁਰੂ ਹੋਣ ਤੋਂ ਪਹਿਲਾਂ ਸੂਬੇਦਾਰ ਵਜ਼ੀਰ ਖ਼ਾਂ ਨੇ ਆਪਣੇ ਆਖ਼ਰੀ ਪੈਂਤੜੇ ਵਜੋਂ ਬੰਦਾ ਬਹਾਦਰ ਨੂੰ ਡਰਾਉਣ ਤੇ ਯਰਕਾਉਣ ਲਈ ਇਕ ਧਮਕੀ ਭਰਿਆ ਸੰਦੇਸ਼ ਭੇਜਿਆ ਪਰ ਬੰਦਾ ਬਹਾਦਰ ਵਰਗਾ ਸੂਰਮਾ ਅਜਿਹੀਆਂ ਗਿੱਦੜ-ਭਭਕੀਆਂ ਤੋਂ ਭਲਾ ਕਿਥੇ ਡਰਨ ਵਾਲਾ ਸੀ? ਬੰਦਾ ਬਹਾਦਰ ਨੇ ਆਪਣੇ ਮੋੜਵੇਂ ਜਵਾਬ ਵਿਚ ਸੂਬਾ ਸਰਹਿੰਦ ਨੂੰ ਖਰੀਆਂ-ਖਰੀਆਂ ਸੁਣਾਉਂਦਿਆਂ ਕਿਹਾ ਕਿ ਉਹ ਝੂਠੀ ਧੌਂਸ ਤੇ ਕਾਇਰਤਾ ਭਰੇ ਸੰਦੇਸ਼ ਭੇਜ ਕੇ ਉਸ ਦਾ ਅਤੇ ਆਪਣਾ ਸਮਾਂ ਬਰਬਾਦ ਨਾ ਕਰੇ ਬਲਕਿ ਉਸ ਨਾਲ ਟੱਕਰ ਲੈਣ ਲਈ ਤਿਆਰੀ ਵਿਚ ਜੁੱਟ ਜਾਵੇ।

**ਸੂਬੇਦਾਰ ਵਜ਼ੀਰ ਖ਼ਾਂ ਵੱਲੋਂ ਜੰਗ ਦੀ ਤਿਆਰੀ** – ਸੋ, ਕੋਈ ਵਾਹ ਨਾ ਚੱਲਦੀ ਵੇਖ ਕੇ ਸੂਬਾ ਸਰਹਿੰਦ ਨੇ ਜਹਾਦ ਦਾ ਨਾਅਰਾ ਲਗਾ ਦਿੱਤਾ। ਆਪਣੇ ਸੱਜਣਾਂ-ਮਿੱਤਰਾਂ ਤੇ ਰਾਜੇ ਰਜਵਾੜਿਆਂ ਨੂੰ ਬੁਲਾ ਲਿਆ। ਇੰਜ ੨੦ ਕੁ ਹਜ਼ਾਰ ਬਾਕਾਇਦਾ ਫ਼ੌਜ ਅਤੇ ਹੋਰ ਗਾਜ਼ੀਆਂ ਸਮੇਤ ਵਜ਼ੀਰ ਖ਼ਾਂ, ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧਿਆ। ਪ੍ਰਸਿੱਧ ਇਤਿਹਾਸਕਾਰ ਤੇ ਖੋਜੀ ਗਿਆਨੀ ਗਿਆਨ ਸਿੰਘ, ਵਜ਼ੀਰ ਖ਼ਾਂ ਦੀ ਮੋਰਚਾਬੰਦੀ ਦਾ ਜ਼ਿਕਰ ਇਉਂ ਕਰਦਾ ਹੈ : ਵਜ਼ੀਰ ਖ਼ਾਂ ਨੇ ਇਕ ਪਾਸੇ ਤੋਪਾਂ ਬੀੜ ਦਿੱਤੀਆਂ, ਦੂਜੇ ਪਾਸੇ ਕੰਧ ਵਾਂਗ ਹਾਥੀ ਖੜੇ ਕਰ ਦਿੱਤੇ, ਤੀਜੇ ਪਾਸੇ ਨਵਾਬਾਂ ਤੇ ਜਾਗੀਰਦਾਰਾਂ ਦੀ ਫ਼ੌਜ ਖੜੀ ਕੀਤੀ ਅਤੇ ਚੌਥੇ ਪਾਸੇ ਆਪਣੀ ਫ਼ੌਜ ਵਿਚ ਜੰਬੂਰੇ ਤੇ ਰਹਿਕਲੇ ਆਦਿ ਬੀੜ ਕੇ ਆਪ ਗਾਜ਼ੀਆਂ ਦੇ ਵਿਚਕਾਰ ਇਕ ਉੱਚੇ ਹਾਥੀ ਉੱਤੇ ਚੜ੍ਹ ਗਿਆ। ਖ਼ਫ਼ੀ ਖਾਂ ਅਨੁਸਾਰ ਵਜ਼ੀਰ ਖ਼ਾਂ ਦੀ ਫ਼ੌਜ ਦੇ ਸੈਨਿਕਾਂ ਦੀ ਗਿਣਤੀ ੫੦,੦੦੦ ਸੀ।

ਬੰਦਾ ਬਹਾਦਰ ਨੇ ਵੀ ਆਪਣੀ ਫ਼ੌਜ ਨੂੰ ਦੋ ਜਥਿਆਂ ਵਿਚ ਵੰਡਿਆ ਹੋਇਆ ਸੀ। ਮੌਜੂਦਾ ਦੌਰ ਦਾ ਪ੍ਰਸਿੱਧ ਇਤਿਹਾਸਕਾਰ ਗੁਰਦੇਵ ਸਿੰਘ ਦਿਉਲ ਆਪਣੀ ਪੁਸਤਕ ਬੰਦਾ ਬਹਾਦਰ – ਇਕ ਜੀਵਨੀ ਦੇ ਪੰਨਾ ੩੨ ਉੱਤੇ ਬੰਦਾ ਬਹਾਦਰ ਦੀ ਮੋਰਚਾਬੰਦੀ ਦਾ ਵੇਰਵਾ ਦਿੰਦਾ ਹੋਇਆ ਲਿਖਦਾ ਹੈ : ਬੰਦੇ ਨੇ ਆਪਣੀਆਂ ਸੈਨਾਵਾਂ ਨੂੰ ਦੋ ਹੱਲਾ-ਮਾਰ ਜਥਿਆਂ ਵਿਚ ਤਰਤੀਬ ਦਿੱਤੀ। ਪਹਿਲੇ ਜੱਥੇ ਵਿਚ ਮਾਲਵੇ ਦੇ ਸਿੰਘ ਸਨ, ਜਿਨ੍ਹਾਂ ਦੀ ਕਮਾਨ ਭਾਈ ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ ਤੇ ਆਲੀ ਸਿੰਘ ਕਰ ਰਹੇ ਸਨ। ਦੂਜਾ ਜੱਥਾ, ਜਿਸ ਦੀ ਅਗਵਾਈ ਬਾਬਾ ਬਿਨੋਦ ਸਿੰਘ, ਬਾਜ ਸਿੰਘ, ਰਾਮ ਸਿੰਘ ਤੇ ਸ਼ਾਮ ਸਿੰਘ ਕਰ ਰਹੇ ਸਨ, ਮਝੈਲ ਸਿੰਘਾਂ ਦਾ ਸੀ। ਡਾਕੂਆਂ ਤੇ ਲੁਟੇਰਿਆਂ ਨੂੰ, ਜੋ ਬੰਦੇ ਦੀ ਸੈਨਾ ਵਿਚ ਹਾਜ਼ਰ ਸਨ, ਮਝੈਲ ਤੇ ਮਲਵੀਆਂ ਦੇ ਦਲਾਂ ਵਿਚ ਵੰਡ ਦਿੱਤਾ।

**ਚੱਪੜਚਿੜੀ ਦੇ ਮੈਦਾਨ ਵਿਚ ਫ਼ੈਸਲਾਕੁੰਨ ਯੁੱਧ** –

ਜਦੋਂ ਵਜ਼ੀਰ ਖ਼ਾਂ ਦੀਆਂ ਫ਼ੌਜਾਂ ਟੱਕਰ ਲੈਣ ਲਈ ਅੱਗੇ ਵਧੀਆਂ ਤਾਂ ਬੰਦਾ ਬਹਾਦਰ ਨੇ ਵੀ ਆਪਣੇ ਕਮਾਂਡਰਾਂ ਨੂੰ ਅੱਗੇ ਵਧਣ ਦਾ ਹੁਕਮ ਦਿੱਤਾ ਅਤੇ ਆਪ ਇਸ ਜੰਗੀ ਕਾਰਵਾਈ ਨੂੰ ਸੇਧ ਦੇਣ ਲਈ ਨੇੜੇ ਹੀ ਇਕ ਉੱਚੀ ਥਾਂ 'ਤੇ ਬੈਠ ਗਿਆ। ਡਾ. ਗੰਡਾ ਸਿੰਘ ਅਤੇ ਰਤਨ ਸਿੰਘ ਭੰਗੂ ਅਨੁਸਾਰ ਇਹ ਯੁੱਧ ੧੨ ਮਈ, ੧੭੧੦ ਈ. ਨੂੰ ਸਰਹਿੰਦ ਤੋਂ ੧੨ ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਹੋਇਆ। (ਸੋਹਣ ਸਿੰਘ ਅਨੁਸਾਰ ਇਹ ਯੁੱਧ ੩੦ ਮਈ, ੧੭੧੦ ਈ. ਨੂੰ ਹੋਇਆ ਅਤੇ ਖ਼ਜ਼ਾਨ ਸਿੰਘ ਦਾ ਵੀਚਾਰ ਹੈ ਕਿ ਇਹ ਯੁੱਧ ਸਰਹਿੰਦ ਦੇ ਨੇੜੇ ਵਡਾਲੀ ਤੇ ਨਾਨਹੇੜੀ ਪਿੰਡਾਂ ਦੀ ਜੂਹ ਵਿਚ ਹੋਇਆ।) ਜੰਗ ਦੇ ਪਹਿਲੇ ਪੜਾਅ ਵਿਚ ਸ਼ਾਹੀ ਫ਼ੌਜਾਂ ਦਾ ਪਲੜਾ ਭਾਰੀ ਰਿਹਾ ਅਤੇ ਬੇਨੇਮੇ ਡਾਕੂ ਹਰਨ ਹੋ ਗਏ। ਸ਼ਾਇਦ ਇਨ੍ਹਾਂ ਲੋਕਾਂ ਬਾਰੇ ਹੀ ਪ੍ਰਸਿੱਧ ਇਤਿਹਾਸਕਾਰ ਇਰਵਿਨ ਆਪਣੀ ਪੁਸਤਕ ਲੇਟਰ ਮੁਗ਼ਲਜ਼ ਵਿਚ ਲਿਖਦਾ ਹੈ ਕਿ 'ਮੁੱਢਲੇ ਹੱਲੇ ਵਿਚ ਹੀ ਮਾਮੂਲੀ ਰੋਕ ਪਿੱਛੋਂ ਸਿੱਖ ਭੱਜ ਨਿਕਲੇ।'

ਮੁਗ਼ਲਾਂ ਦਾ ਪਲੜਾ ਭਾਰੀ ਵੇਖ ਕੇ ਨਿਰਲੱਗ ਬੈਠਾ ਬੰਦਾ ਬਹਾਦਰ ਝੱਟ ਆਪਣੀ ਸੈਨਾ ਦੀਆਂ ਮੂਹਰਲੀਆਂ ਕਤਾਰਾਂ ਵਿਚ ਆ ਗਿਆ। ਉਸ ਦੇ ਆਗਮਨ ਨੇ ਜਿਥੇ ਸਿੱਖਾਂ ਦੇ ਹੌਸਲੇ ਬੁਲੰਦ ਕਰ ਦਿੱਤੇ, ਉਥੇ ਦੁਸ਼ਮਣਾਂ ਵਿਚ ਸਭ ਪਾਸੇ ਭੈਅ ਛਾ ਗਿਆ। ਇਸ ਸੰਬੰਧ ਵਿਚ ਨਾਮਵਰ ਇਤਿਹਾਸਕਾਰ ਕਰਮ ਸਿੰਘ ਲਿਖਦਾ ਹੈ ਕਿ 'ਜਿਸ ਵੇਲੇ ਉਪ-ਕਮਾਂਡਰ ਬਾਜ ਸਿੰਘ ਨੇ ਬਾਜ਼ੀ ਜਾਂਦੀ ਵੇਖੀ ਤਾਂ ਘੋੜਾ ਦੌੜਾ ਕੇ ਬੰਦਾ ਬਹਾਦਰ ਕੋਲ ਪਹੁੰਚਿਆ ਅਤੇ ਕਿਹਾ ਕਿ ਉਸ ਬਾਝੋਂ ਮੈਦਾਨ ਹੱਥੋਂ ਜਾਂਦਾ ਨਜ਼ਰ ਆ ਰਿਹਾ ਹੈ, ਜੇਕਰ ਥੋੜ੍ਹਾ ਚਿਰ ਇਹੋ ਹਾਲ ਰਿਹਾ ਤਾਂ ਮੁੜ ਕੇ ਪੈਰ ਜੰਮਣੇ ਔਖੇ ਹੋ ਜਾਣਗੇ। ਬੰਦਾ ਬਹਾਦਰ ਵੀ ਇਨ੍ਹਾਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਝੱਟ ਸਵਾਰ ਹੋਇਆ ਅਤੇ ਝੱਟ ਮੈਦਾਨ ਵਿਚ ਆ ਨਿਤਰਿਆ।' ਸੋਹਣ ਸਿੰਘ ਇਸ ਤੱਥ 'ਤੇ ਆਪਣੀ ਮੋਹਰ ਕੁਝ ਇਸ ਤਰ੍ਹਾਂ ਲਗਾਉਂਦਾ ਹੈ…'ਤਦ ਉਹ (ਬੰਦਾ ਬਹਾਦਰ) ਉਠਿਆ, ਜਿਵੇਂ ਭੁੱਖਾ ਸ਼ੇਰ ਆਪਣੀ ਗੁਫ਼ਾ ਵਿੱਚੋਂ ਨਿਕਲਿਆ ਹੋਵੇ ਅਤੇ ਬਿਜਲੀ ਵਾਂਗ ਵੈਰੀ ਦੀ ਸੈਨਾ 'ਤੇ ਟੁੱਟ ਪਿਆ।' ਡਾ. ਗੰਡਾ ਸਿੰਘ ਆਪਣੀ ਪੁਸਤਕ ਬੰਦਾ ਸਿੰਘ ਬਹਾਦਰ ਦੇ ਪੰਨਾ ੬੩ ਉੱਤੇ ਅਤੇ ਰਤਨ ਸਿੰਘ ਭੰਗੂ ਆਪਣੀ ਪੁਸਤਕ ਪ੍ਰਾਚੀਨ ਪੰਥ ਪ੍ਰਕਾਸ਼ ਦੇ ਪੰਨਾ ੯੬ ਉੱਤੇ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਕਰਦੇ ਹਨ।

ਆਪਣੇ ਰਹਿਨੁਮਾ ਦੀ ਹਿੰਮਤ ਤੇ ਹੌਸਲੇ ਤੋਂ ਪ੍ਰਭਾਵਤ ਹੋਏ ਸਿੰਘ ਇਕਮੁੱਠ ਹੋ ਕੇ ਵੈਰੀਆਂ 'ਤੇ ਟੁੱਟ ਪਏ। ਹਮਲਾ ਏਨਾ ਜ਼ੋਰਦਾਰ ਸੀ ਕਿ ਦੁਸ਼ਮਣ ਖੜਾ ਨਾ ਰਹਿ ਸਕਿਆ। ਖ਼ੂਨ-ਡੋਲ੍ਹਵੀਂ ਲੜਾਈ ਵਿਚ ਸੂਬੇਦਾਰ ਵਜ਼ੀਰ ਖ਼ਾਂ ਮਾਰਿਆ ਗਿਆ। ਇਸ ਤਰ੍ਹਾਂ ਬੰਦਾ ਬਹਾਦਰ ਨੇ 'ਮਾਰ ਵਜੀਦੇ ਖ਼ਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ।' - ਹਰਸਾ ਸਿੰਘ 'ਚਾਤਰ'

**ਸਿੱਖਾਂ ਦਾ ਸਰਹਿੰਦ 'ਤੇ ਕਬਜ਼ਾ** - ਚੱਪੜਚਿੜੀ ਦੇ ਮੈਦਾਨ ਵਿਚ ਮੁਗ਼ਲਾਂ ਨੂੰ ਲੱਕ-ਤੋੜਵੀਂ ਸ਼ਿਕਸਤ ਦੇਣ ਉਪਰੰਤ ਸਿੱਖ ੧੪ ਮਈ, ੧੭੧੦ ਈ. ਨੂੰ ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖ਼ਲ ਹੋਏ।

ਬੰਦਾ ਬਹਾਦਰ ਨੇ ਆਪਣੇ ਇਕ ਪ੍ਰਮੁੱਖ ਜਰਨੈਲ, ਸਰਦਾਰ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਜਰਨੈਲ ਆਲੀ ਸਿੰਘ ਨੂੰ ਉਸ ਦਾ ਡਿਪਟੀ ਥਾਪਿਆ।

ਚੱਪੜਚਿੜੀ ਜਾਂ ਸਰਹਿੰਦ ਵਿਖੇ 'ਸਰਹਿੰਦ ਦੀ ਜਿੱਤ' ਨਾਲ ਸੰਬੰਧਿਤ ਕਿਸੇ ਢੁਕਵੀਂ ਯਾਦਗਾਰ ਦਾ ਨਾ ਹੋਣਾ ਵੀ ਰੜਕਦਾ ਹੈ। ਗੱਲ ਕੀ, ਹਿੰਦੁਸਤਾਨ ਦਾ ਇਤਿਹਾਸ ਸਿਰਜਣ ਵਾਲੇ ਇਸ ਮਹਾਨ ਸ਼ਹੀਦ ਨੂੰ ਉਸ ਦੀ ਯੋਗਤਾ ਅਨੁਸਾਰ ਮਾਣ ਨਹੀਂ ਦਿੱਤਾ ਜਾ ਰਿਹਾ। ਕਿੰਨਾ ਚੰਗਾ ਹੋਵੇ ਜੇ ਸਿੱਖ ਚੜ੍ਹਤ ਤੇ ਗੌਰਵ ਦੀ ਪ੍ਰਤੀਕ ਇਸ ਅਹਿਮ ਘਟਨਾ ਨੂੰ ਸਮਰਪਿਤ ਇਕ ਵਿਜੈ ਸਤੰਭ ਉਸਾਰਿਆ ਜਾਵੇ।

# ਕੜਾ - ਇਕ ਮੈਡਲ

ਕਲਾਈ ਵਿਚ ਲੋਹੇ ਦਾ ਕੜਾ, ਗੁਰੂ ਘਰ ਵਿਚ ਵਿਸ਼ਵਾਸ ਰੱਖਣ ਵਾਲਿਆਂ ਵਾਸਤੇ ਇਕ ਜਿੱਤੇ ਹੋਏ ਮੈਡਲ ਦੀ ਨਿਆਈਂ ਹੈ ਅਤੇ ਪੰਜਵਾਂ ਕੱਕਾਰ ਹੈ। ਦਸਮੇਸ਼ ਪਿਤਾ ਨੇ, ਵੇਦਵੇ ਵਾਲੀ ਇਤਿਹਾਸਿਕ ਸਾਖੀ ਅਨੁਸਾਰ, ਸਿੱਘਾਂ ਦਾ ਇਮਤਿਹਾਨ ਲਿਆ। ਸਿੱਖ 100% ਨੰਬਰ ਲੈ ਕੇ ਪਾਸ ਹੋਏ। ਸਿੱਖਾਂਨੇ ਸਾਬਿਤ ਕਰ ਦਿੱਤਾ ਕਿ ਉਹ ਹੁਣ ਸਨਿਚਰਾਂ-ਮੰਗਲਾਂ, ਸੰਗ੍ਰਾਂਦਾਂ-ਪੂਰਨਮਾਸ਼ੀਆਂ-ਮੱਸਿਆਵਾਂ ਨੂੰ ਨਹੀਂ ਮੰਨਦੇ। ਇਹ ਸਾਰੇ ਥਿਤਾਂ-ਵਾਰਾਂ ਦੇ ਭੁਲੇਖੇ, ਸ਼ਗਨ-ਗੀਤਾਂ, ਸੁੱਚ-ਭਿੱਟ, ਜਾਤ-ਪਾਤ ਅਤੇ ਵਹਿਮ-ਭਰਮ ਦੇਵੀ-ਦੇਵਤਿਆਂ ਦੀ ਪੂਜਾ ਅਰਚਾ ਤੋਂ ਪੈਦਾ ਹੁੰਦੇ ਹਨ। ਸਿੱਖ, ਕੇਵਲ ਅਤੇ ਕੇਵਲ ਇਕ ਅਕਾਲ ਪੁਰਖ ਦੇ ਪੁਜਾਰੀ ਹਨ। ਉਹ ਦੇਵੀ-ਦੇਵਤਿਆਂ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਰੱਖਦੇ। ਵਿਸਾਖੀ 1699 ਦੀ ਇਤਿਹਾਸਕ ਘਟਨਾ ਸਮੇਂ ਕੜੇ ਨੂੰ ਪੰਜ ਕੱਕਾਰਾਂ ਵਿਚ ਜੋੜ ਕੇ ਗੁਰੂ ਸਾਹਿਬ ਨੇ, ਸੰਗਤਾਂ ਨੂੰ ਕੜਾ-ਪਿਆਰ ਸੂਚਕ ਮੈਡਲ ਤੇ ਤੌਰ 'ਤੇ ਬਖ਼ਸ਼ਿਆ।

# ਸਿੱਖ ਕੌਮ ਦਾ ਸ਼ਾਹਕਾਰ ਸਾਕਾ ਸਰਹਿੰਦ

*[ਡਾ. ਸੁਮਨਪ੍ਰੀਤ ਕੌਰ]*

ਵਿਸ਼ਾਲ ਦੁਨੀਆਵੀ ਆਡੰਬਰ ਵਿੱਚ ਜਦ ਵੀ, ਕਿਤੇ ਸਿੱਖ, ਸਿੱਖੀ ਤੇ ਸਿੱਖੀ ਸਰੂਪ ਦੀ ਗੱਲ ਭਲੀ ਭਾਂਤੀ ਤੁਰਦੀ ਹੈ, ਤਾਂ ਕੁਰਬਾਨੀ ਸ਼ਬਦ ਆਪ ਮੁਹਾਰੇ ਆਣ ਅਪੜਦੀ ਹੈ। ਸਿੱਖ ਤੇ ਕੁਰਬਾਨੀ ਦਾ ਇਹ ਬੇਜ਼ੋੜ ਮੇਲ ਅੱਜ ਤੋਂ ਨਹੀਂ ਬਲਕਿ ਸਦੀਆਂ ਤੋਂ ਚਲਿਆ ਆ ਰਿਹਾ ਹੈ।ਲਾਸਾਨੀ ਕੁਰਬਾਨੀਆਂ ਨਾਲ ਭਰਿਆ ਹੋਇਆ ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕੁਰਬਾਨੀ ਸ਼ਹਾਦਤ ਅਤੇ ਸਿੱਖੀ ਦਾ ਸਦੀਆਂ ਤੋਂ ਗੂੜ੍ਹਾ ਸਬੰਧ ਰਿਹਾ ਹੈ।ਗਹੁ ਨਾਲ ਸਿੱਖ ਇਤਿਹਾਸ ਨੂੰ ਵਾਚਿਆ ਜਾਵੇ ਤਾਂ ਐਸਾ ਇੱਕ ਵੀ ਦਿਨ ਸਾਲ ਜਾਂ ਮਹੀਨੇ ਵਿੱਚ ਨਹੀਂ ਲੱਭਦਾ ਜਿਸ ਦਿਨ ਸਿੱਖ ਧਰਮ ਵਿੱਚ ਕਿਸੇ ਮਹਾਨ ਸ਼ਹੀਦ ਜਾਂ ਕਿਸੇ ਸੂਰਮੇ ਨੇ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਸ਼ਹਾਦਤ ਦਾ ਜ਼ਾਮ ਨਾ ਪੀਤਾ ਹੋਵੇ। ਸ਼ਹਾਦਤ ਦੀ ਗੱਲ ਹੋਈ ਤਾਂ ਸਿੱਖ ਧਰਮ ਵਿੱਚ ਹੋਈ ਲਾਸਾਨੀ ਲਾਜਵਾਬ ਅਤੇ ਕਹਿਰਾਂ ਭਰੀ ਕੁਰਬਾਨੀ ਸੂਬਾ ਸਰਹਿੰਦ ਦੇ ਜਾਲਮ ਤੇ ਬੇਦਰਦ ਸੁਭਾਅ ਨਾਲ ਜਾਣੂ ਕਰਵਾਉਂਦੀ ਸ਼ਹਾਦਤ ਸਾਹਮਣੇ ਸੱਤ ਅਤੇ ਨੌਂ ਸਾਲ ਦੇ ਮਾਸੂਮ ਕੋਮਲ ਜਿੰਦਾਂ ਨੇ ਕੌਮ ਦੀ ਖਾਤਰ ਜਾਨ ਦੀ ਆਹੂਤੀ ਦੇ ਕੇ ਜੁਗਾ-ਜੁਗਾਤਰਾਂ ਤੱਕ ਸਿੱਖੀ ਦੇ ਨਿਸ਼ਾਨਾਂ ਨੂੰ ਜ਼ਮੀਨੇ ਗੱਡ ਦਿੱਤਾ। ਫੈਜ-ਅਹਿਮਦ ਅਨੁਸਾਰ -

*ਯਹ ਜਾਂ ਤੋਂ ਆਨੀ ਜਾਨੀ ਹੈ*
*ਇਸ ਜਾਂ ਕੀ ਤੋ ਕੋਈ ਬਾਤ ਨਹੀਂ*
*ਜਿਸ ਧਜ ਸੇ ਕੋਈ ਮਕਤਲ ਮੇ*
*ਗਯਾ ਉਹ ਸ਼ਾਨ ਸਲਾਮਤ ਰਹਤੀ ਹੈ।*

ਸਾਕਾ ਸਰਹਿੰਦ ਸਿੱਖ ਕੌਮ ਨਾਲ ਵਾਪਰਨ ਵਾਲਾ ਅਜਿਹਾ ਸਾਕਾ ਸੀ ਜਿਸ ਦੀ ਕੁੱਖੋਂ, ਸਾਹਸੀ, ਬਹਾਦਰ, ਲਾਸਾਨੀ ਅਤੇ ਅਡੋਲ ਸਿੱਖ ਰਾਜ ਅਤੇ ਮਹਾਨ ਕੌਮ ਦਾ ਜਨਮ ਹੋਇਆ।

ਇਸ ਸਾਕੇ ਦੇ ਵਾਪਰਨ ਨਾਲ ਜਿੱਥੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੀ ਮੌਤ ਦੇ ਵਾਰੰਟ ਜਾਰੀ ਹੋ ਗਏ ਸਨ, ਉੱਥੇ 'ਸ਼ਹਾਦਤ' ਨਾਂ ਦੀ ਮਾਂ ਦੀ ਕੁਖੋਂ 'ਸਿੱਖੀ ਕੌਮ' ਨਾਂ ਦੇ ਪੁੱਤ ਦਾ ਜਨਮ ਹੋਇਆ।

ਇਸ ਸਾਕੇ ਦੀ ਸ਼ੁਰੂਆਤ ਸ੍ਰੀ ਅਨੰਦਪੁਰ ਸਾਹਿਬ ਤੋਂ ਹੁੰਦੀ ਹੈ।ਜਦੋਂ ਸਾਹਿਬ-ਏ-ਕਮਾਲ ਸਹਿਨਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਚਾਰ ਸਾਹਿਬਜਾਦੇ, ਜਗਤ ਮਾਤਾ, ਮਾਤਾ ਗੁਜ਼ਰ ਕੌਰ ਜੀ ਅਤੇ ਸਿੰਘਾਂ ਸਮੇਤ ੬-੭ ਪੋਹ ਦੀ ਰਾਤ ਨੂੰ ਸੰਮਤ ੧੭੬੩ ਬਿਕਰਮੀ ਨੂੰ ਆਨੰਦਪੁਰ ਸਾਹਿਬ ਦਾ ਕਿਲਾ ਖਾਲੀ ਕਰਕੇ ਸਰਸਾ ਨਦੀ ਨੂੰ ਪਾਰ ਕਰ ਰਹੇ ਸਨ ਤਾਂ ਅੰਤਾਂ ਦੀ ਚੜ੍ਹ ਆਈ ਸਰਸਾ ਨੂੰ ਪਾਰ ਕਰਦਿਆਂ ਮਾਤਾ ਜੀ ਤੇ ਛੋਟੇ ਸਾਹਿਬਜਾਦੇ ਉਥਲ-ਪੁਥਲ ਵਿੱਚ ਵਹੀਰੇ ਨਾਲੋਂ ਵਿਛੜ ਗਏ। ਵਿਛੜਿਆਂ ਨੂੰ ਜਲਦੀ ਹੀ ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਆਣ ਮਿਲਿਆ ਜੋ ਮਾਤਾ ਜੀ ਤੇ ਸਾਹਿਬਜਾਦਿਆ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ। ਉਸ ਸਮੇਂ ਮਾਤਾ ਜੀ ਕੋਲ ਕਾਫੀ ਧਨ ਅਤੇ ਹੀਰੇ ਜਵਾਹਰਾਤ ਵੇਖ ਕੇ ਗੰਗੂ ਦਾ ਮਨ ਡੋਲ ਗਿਆ ਤੇ ਮਨ ਵਿੱਚ ਆਈ ਮੰਦ ਭਾਵਨਾ ਨੇ ਗੁਰੂ ਘਰ ਦੀ ਨਮਕ ਹਰਾਮੀ ਕਰਨ ਲਈ ਲਲਚਾਇਆ। ਗੰਗੂ ਨੇ ਧਨ ਚੋਰੀ ਕਰਨ ਉਪਰੰਤ ਮੋਰਿੰਡੇ ਸ਼ਹਿਰ ਦੇ ਥਾਣੇਦਾਰ ਨੂੰ ਆ ਖਬਰ ਕਰਕੇ ਸਦ ਲਿਆਂਦਾ, ਜਿਸ ਨੇ ੨੩ ਦਸੰਬਰ ੧੭੦੪ ਨੂੰ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਗ੍ਰਿਫਤਾਰ ਕਰਕੇ ਸਰਹਿੰਦ ਦੇ ਸੂਬੇਦਾਰ ਵਜੀਰ ਖਾਂ ਦੇ ਹਵਾਲੇ ਕਰ ਦਿੱਤਾ।

ਗੁਰੂ ਦੇ ਲਾਡਲੇ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸਰਹਿੰਦ ਵਿਖੇ ਹੀ ਇੱਕ ਬੁਰਜ ਵਿਖੇ ਕੈਦੀ ਬਣਾ ਕੇ ਰੱਖਿਆ ਗਿਆ ਜਿਸ ਨੂੰ ਠੰਡਾ ਬੁਰਜ ਕਿਹਾ ਜਾਂਦਾ ਹੈ ਅਤੇ ਜਿਸ ਬੁਰਜ ਵਿੱਚ ਗਰਮੀਆਂ ਦੀ ਰੁੱਤ ਸਮੇਂ ਨਾ ਬਰਦਾਸ਼ਤ ਕਰਨ ਯੋਗ ਠੰਡ ਮਹਿਸੂਸ ਹੁੰਦੀ ਸੀ। ਇਹਨਾਂ ਬੱਚਿਆਂ ਤੇ ਬਿਰਧ ਮਾਤਾ ਜੀ ਨੇ ਪੋਹ ਰੁੱਤ ਦੀ ਸਰਦੀ ਵਿੱਚ ਉਸ ਬੁਰਜ 'ਚ ਰਾਤਾਂ ਹੰਢਾਈਆਂ। ਸਰਹਿੰਦ ਦੇ ਹੀ

ਇੱਕ ਮਹਾਨ ਪੁਰਸ਼ ਬਾਬਾ ਮੋਤੀ ਰਾਮ ਮਹਿਰਾ ਨੇ ਆਪਣੀ ਜਾਨ ਦੀ ਪਰਵਾਹ ਨਾਂ ਕਰਦੇ ਹੋਏ ਬੁਰਜ ਚ ਗੁਪਤ ਤਰੀਕੇ ਨਾਲ ਆ ਕੇ ਗਰਮ-ਗਰਮ ਦੁੱਧ ਮਾਤਾ ਜੀ ਤੇ ਬੱਚਿਆਂ ਨੂੰ ਛਕਾਇਆ, ਤਾਹਿਉ ਅੱਜ ਬਾਬਾ ਮੋਤੀ ਰਾਮ ਮਹਿਰਾ ਜੀ ਦਾ ਨਾਂ ਸਿੱਖ ਇਤਿਹਾਸ ਵਿੱਚ ਬੜੀ ਸ਼ਿੱਦਤ ਨਾਲ ਲਿਆ ਜਾਂਦਾ ਹੈ।

ਅਗਲੀ ਸਵੇਰ ਭਾਵ ੨੪ ਦਸੰਬਰ ਨੂੰ ਸੂਬੇ ਵੱਲੋਂ ਸ਼ਾਹਿਬਜਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਦਾ ਹੁਕਮ ਦਿੱਤਾ। ਮਾਤਾ ਜੀ ਨੇ ਲਾਡ-ਪਲੋਸ ਕੇ ਬੱਚਿਆਂ ਨੂੰ ਮਾਤਾ-ਪਿਤਾ ਤੇ ਦਾਦੇ ਦੀ ਪੱਗ ਦਾ ਵਾਸਤਾ ਦੇ ਕੇ ਅਤੇ ਅਣਖ ਦੀ ਦਾਸਤਾਨਾਂ ਸੁਣਾ ਕੇ ਕਚਹਿਰੀ ਵੱਲ ਤੋਰਿਆ। ਸੂਬੇ ਦੇ ਅਥਾਹ ਲਾਲਚ ਦੇਣ ਤੇ ਵੀ ਜਦੋਂ ਕਚਹਿਰੀ ਵਿੱਚ ਅਡੋਲ ਜੈਕਾਰੇ ਗੁਜਾਉਂਦੇ ਰਹੇ ਤਾਂ ਸੂਬੇ ਨੂੰ ਉਹਨਾਂ ਨੇ ਮੌਤ ਦੀ ਸ਼ਜਾ ਦੇਣ ਬਾਰੇ ਕਹਿ ਕੇ ਦਰਸਾਇਆ।

ਦੂਜੀ ਪੇਸ਼ੀ ਸਮੇਂ ਸੂਬੇ ਨੇ ਸ਼ਾਹਿਬਜਾਦਿਆਂ ਨੂੰ ਅਗਲੀ ਸਵੇਰ ਪੇਸ਼ ਕਰਨ ਲਈ ਕਿਹਾ ਅਤੇ ਸੂਬੇ ਨੇ ਹੁਕਮ ਦਿੱਤਾ ਕਿ ਰਾਤ ਭਰ ਉਹਨਾਂ ਉੱਤੇ ਜੇਲ ਵਿੱਚ ਦਬਾਅ ਪਾਇਆ ਜਾਵੇ।

੨੫ ਦਸੰਬਰ ਨੂੰ ਮੁੜ ਬੱਚਿਆਂ ਨੂੰ ਕਚਹਿਰੀ ਵਿੱਚ ਪੇਸ਼ ਕੀਤਾ ਗਿਆ ਹੁਣ ਵੀ ਉਹਨਾਂ ਦੇ ਚੇਹਰਿਆਂ ਤੇ ਜਾਹੋ-ਜਲਾਲ ਵੇਖ ਕੇ ਸੂਬਾ ਦੰਗ ਰਹਿ ਗਿਆ। ਸੂਬੇ ਨੇ ਫਿਰ ਆਪਣੀ ਜਮੀਨੀ ਸੋਚ ਮੁਤਾਬਕ ਸਾਹਿਬਜਾਦਿਆਂ ਨੂੰ ਦੁਨਿਆਵੀਂ ਲਾਲਚ ਦੇ ਕੇ ਮੌਮਨ ਬਣ ਜਾਣ ਲਈ ਕਿਹਾ। ਕੋਈ ਵਾਹ ਨਾ ਚਲਦੀ ਵੇਖ ਸੂਬੇ ਨੇ ਕਾਜ਼ੀ ਨੂੰ ਬੱਚਿਆਂ ਵਾਸਤੇ ਕੋਈ ਕਰੜੀ ਸਜ਼ਾ ਦੇਣ ਲਈ ਕਿਹਾ।ਪਰ ਕਾਜੀ ਨੇ ਸਮਝਾਇਆ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਹਨਾਂ ਦੇ ਪਿਤਾ ਦੇ ਕੀਤੇ ਅਪਰਾਧ ਦੀ ਸਜਾ ਦੇਣ ਦੀ ਇਜਾਜਤ ਨਹੀਂ ਦਿੰਦਾ। ਕਚਹਿਰੀ 'ਚ ਹੀ ਮੌਜੂਦ ਨੀਚ ਸੋਚ ਦੇ ਮਾਲਕ ਕਸਾਈ ਬ੍ਰਾਹਮਣ ਦੀਵਾਨ ਸੁੱਚਾ ਨੰਦ ਦੇ ਇਸ਼ਾਰੇ ਤੇ ਸੂਬੇ ਨੇ ਮਲੇਰਕੋਟਲੇ ਦੇ ਨਵਾਬ ਨੂੰ ਚੇਤੇ ਕਰਵਾਇਆ ਕਿ ਗੋਬਿੰਦ ਸਿੰਘ ਨੇ ਜੰਗ 'ਚ ਉਸ ਦੇ ਭਰਾ ਨੂੰ ਕਤਲ ਕੀਤਾ ਸੀ। ਸੂਬੇ ਨੇ ਸਾਹਿਬਜਾਦਿਆਂ ਨੂੰ ਉਸ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ, ਤਾਂ ਕਿ ਉਹ ਉਹਨਾਂ ਨੂੰ ਸ਼ਹੀਦ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ। ਪਰ ਨਵਾਬ ਨੇ ਇਹ ਕਹਿੰਦਿਆਂ ਕਚਹਿਰੀ ਚੋਂ ਵਾਕ ਆਉਟ ਕਰ ਦਿੱਤਾ ਕਿ ਪਿਤਾ ਕੀ ਸਜਾ ਉਸ ਨੂੰ (ਗੋਬਿੰਦ ਸਿੰਘ) ਹੀ ਮੈਦਾਨੇ ਜੰਗ ਵਿੱਚ ਦੇਵੇਗਾ।

ਕਮੀਨੀਅਤ ਦਾ ਸਬੂਤ ਦੀਵਾਨ ਸੁੱਚਾ ਨੰਦ ਨੇ ਸੂਬੇ ਸਰਹਿੰਦ ਨੂੰ ਸਾਹਿਬਾਦਿਆਂ ਲਈ ਭੜਕਾਇਆ।

ਆਖਰਕਾਰ ਸਿੱਖ ਕੌਮ ਵਾਸਤੇ ਉਹ ਬਦ ਸਮਾਂ ਆਣ ਅਪੜਿਆ ਜਦੋਂ ਕਾਜ਼ੀ ਨੇ ਸ਼ਾਹਿਬਜਾਦਿਆਂ ਨੂੰ ਜਿੰਦਾ ਦੀਵਾਰ ਵਿੱਚ ਚਿਣਵਾ ਦੇਣ ਦਾ ਫ਼ਤਵਾ ਜਾਰੀ ਕਰ ਦਿੱਤਾ।

ਨਵਾਬ ਮਲੇਰਕੋਟਲਾ ਨੇ ਇਸ ਫੈਸਲੇ ਨੂੰ ਰੱਦ ਕਰਨ ਲਈ ਹਾਅ ਦਾ ਨਾਹਰਾ ਮਾਰਿਆ ਪਰ ਉਸ ਪਵਿੱਤਰ ਰੂਹ ਨੂੰ ਅਣਸੁਣਿਆ ਕਰ ਦਿੱਤਾ ਗਿਆ, ਅੰਤ ਉਹ ਰੋਸ ਵਜੋਂ ਕਚਹਿਰੀ ਵਿੱਚੋਂ ਉੱਠ ਕੇ ਚਲੇ ਗਏ।

ਅੰਤ ਸ਼ਾਹਿਬਜਾਦਿਆਂ ਨੂੰ ਜ਼ਾਲਮ ਮੁਗਲ ਹਕੂਮਤ ਨੇ ਜਿੰਦਾ ਦੀਵਾਰ ਵਿੱਚ ਚਿਣਨਾ ਸ਼ੁਰੂ ਕੀਤਾ। ਜਦੋਂ ਦੀਵਾਰ ਛਾਤੀ ਤੱਕ ਆਈ ਤਾਂ ਸ਼ਾਹਿਬਜਾਦੇ ਬੇਹੋਸ਼ ਹੋ ਗਏ ਤੇ ਦੀਵਾਰ ਡਿੱਗ ਪਈ। ਬੇਹੋਸ਼ੀ ਦੀ ਹਾਲਤ ਵਿੱਚ ਬੱਚਿਆਂ ਨੂੰ ਬਾਹਰ ਕੱਢਿਆ ਗਿਆ।

ਰਵਾਇਤੀ ਧਾਰਨਾ ਅਨੁਸਾਰ ਪ੍ਰਚਲਿਤ ਹੈ।੨੬ ਦਸੰਬਰ, ੧੭੦੪ ਈ ਨੂੰ ਤੀਸਰੀ ਵਾਰ ਫਿਰ ਉਹਨਾਂ ਨੂੰ ਸੂਬੇ ਸਾਹਮਣੇ ਪੇਸ਼ ਕੀਤਾ ਗਿਆ ਪਰ ਆਧੁਨਿਕ ਖੋਜਾਂ ਅਨੁਸਾਰ ਸਿੱਧ ਹੈ ਕਿ ਆਖਰੀ ਵਾਰ ੨੭ ਨੂੰ ਪੇਸ਼ੀ ਹੋਈ ਸੀ।

ਸੂਬੇ ਦੀ ਫਿਰ ਓਹੀ ਰੱਟ ਇਸਲਾਮ ਕਬੂਲ ਕਰੋ ਤੇ ਸ਼ਾਹਿਬਜਾਦਿਆਂ ਦੀ ਓਹੀ ਅਡੋਲਾਂ ਤੇ ਅੰਤ ਸੂਬੇ ਸਰਹਿੰਦ ਨੇ ਉਹ ਮੰਦਭਾਗਾ ਫੈਸਲਾ ਸੁਣਾਉਂਦਿਆਂ ਸ਼ਾਹਿਬਜਾਦਿਆਂ ਦੇ ਸਿਰ ਕਲਮ ਕਰਨ ਦਾ ਫ਼ਤਵਾ ਦਿੱਤਾ। ਉਹ ਸਮਾਂ ਸੀ ਜਦੋਂ ਹਰ ਇੱਕ ਅੱਖ ਤੇ ਇੱਥੋਂ ਤੱਕ ਧਰਤੀ ਅਤੇ ਅਸਮਾਨ ਨੇ ਵੀ ਕਹਿਰ ਨੂੰ ਵੇਖਦਿਆਂ ਹੰਝੂ ਕੇਰੇ ਸੀ।

ਇਹ ਖੂਨੀ ਸਾਕਾ ੧੩ ਪੋਹ ਸੰਮਤ ੧੭੬੨ ਬਿਕਰਮੀ ਮੁਤਾਬਿਕ ੨੭ ਦਸੰਬਰ ੧੭੦੪ ਨੂੰ ਵਾਪਰਿਆ। ਉਧਰ ਬੁਰਜ ਵਿਖੇ ਮਾਤਾ ਜੀ ਨੇ ਜਦੋਂ ਸ਼ਾਹਿਬਜਾਦਿਆਂ ਦੇ ਸੱਚਖੰਡ ਚਾਲਿਆਂ ਬਾਰੇ ਸੁਣਿਆ ਤਾਂ ਉਹ ਬੈਠੇ-ਬੈਠੇ ਹੀ ਵਾਹਿਗੁਰੂ ਵਿੱਚ ਇਕ-ਮਿਕ ਹੋ ਗਏ ਤੇ ਪ੍ਰਾਣ ਤਿਆਗ ਗਏ।

ਇਹਨਾਂ ਤਿੰਨਾਂ ਰੂਹਾਂ ਦਾ ਸੰਸਕਾਰ ਮਹਾਨ ਰੂਹ ਤੇ ਸਤਿਕਾਰਯੋਗ ਹਸਤੀ ਦੀਵਾਨ ਟੋਡਰ ਮੱਲ ਜੀ ਨੇ ਆਪਣੇ ਹੱਥ ਨਾਲ ਜੋਤੀ ਸਰੂਪ ਦੀ ਧਰਤੀ, ਜਿਸ ਨੂੰ ਦੁਨੀਆਂ ਦੀ ਸਬ ਤੋਂ ਮਹਿੰਗੀ ਜ਼ਮੀਨ ਕਿਹਾ ਜਾਂਦਾ ਹੈ, ਵਿਖੇ ਕੀਤਾ।ਇਸ ਮਹਾਨ ਕਾਰਜ ਲਈ ਦੀਵਾਨ ਸਾਹਿਬ ਨੂੰ ਪੂਰੀ ਸਿੱਖ ਕੌਮ ਸ਼ਿੱਦਤ ਤੇ ਅਦਬ ਨਾਲ ਨਿਵਾਜਦੀ ਹੈ।

ਸਾਹਿਬਜਾਦਿਆਂ ਅਤੇ ਮਾਤਾ ਜੀ ਦੇ ਬਲੀਦਾਨ ਉਪਰੰਤ ਹੀ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸੂਬੇ ਸਰਹਿੰਦ ਦਾ ਸਿਰ, ਚਪੜਚਿੜੀ ਦੇ ਸਥਾਨ

ਤੇ ਧੜ ਨਾਲੋਂ ਵੱਖ ਕਰਕੇ, ਜੰਗ-ਏ-ਮੈਦਾਨ ਵਿੱਚ ਸਾਹਿਬਜਾਦਿਆਂ ਦੀ ਮੌਤ ਦਾ ਬਦਲਾ ਲਿਆ ਅਤੇ ਪੰਜਾਬ ਵਿੱਚ ਇੱਕ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ ਅਤੇ ਖਾਲਸੇ ਦੇ ਨਿਸ਼ਾਨ ਸਾਹਿਬ ਝੁਲਾ ਦਿੱਤੇ।

ਇਸ ਕਥਨ ਵਿੱਚ ਕੋਈ ਸ਼ੱਕ ਨਹੀਂ ਕਿ ਸਾਕਾ ਸਰਹਿੰਦ ਦੁਨੀਆਂ ਦੇ ਇਤਿਹਾਸ ਵਿੱਚ ਵਾਪਰਨ ਵਾਲਾ ਅਨੋਖਾ ਸਾਕਾ ਸੀ ਜੋ ਸੁੰਤਤਰ ਸਿੱਖ ਰਾਜ ਦੀ ਸਥਾਪਨਾ ਵੱਜੋਂ ਇੱਕ ਮੁੱਖ ਕਾਰਨ ਹੋ ਨਿਬੜਿਆ ਅਤੇ ਦੁਨੀਆ ’ਚ ਜ਼ਾਲਮਾਂ ਨੂੰ ਇੱਕ ਸੇਧ ਦੇ ਗਿਆ ਜਿਸਨੂੰ ਦੁਨੀਆ ਦੇ ਇਤਿਹਾਸ ਵਿੱਚ ਜੁਗਾ ਜੁੰਗਾਂਤਰਾਂ ਤੱਕ ਯਾਦ ਰੱਖਿਆ ਜਾਵੇਗਾ।

ਇਸਲਾਮ ਜਿੰਦਾ ਹੋਤਾ ਹੈ ਹਰ ਕਰਬਲਾਂ ਕੇ ਬਾਅਦ॥

***ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥***

---

## *(ਪੰਨਾ 9 ਦੀ ਬਾਕੀ)*

ਕੀਰਤਨ, ਭਜਨ ਰੂਪੀ ਸੱਚੇ ਆਹਰ ਵਿੱਚ ਲੱਗੇ ਰਹਿੰਦੇ ਹਨ। ਗੋਬਿੰਦ ਚਰਨ-ਕੰਵਲ ਰੰਗ ਰਾਂਗੜੇ, ਰਸ-ਪਾਗੜ, ਗੁਰਮੁਖ ਜਨਾਂ ਨੂੰ ਚਰਨ ਕੰਵਲ ਦੀਆਂ ਮਉਜ-ਰੰਗਾਂ ਵਿੱਚ ਖਿਨ ਖਿਨ ਕੀਰਤਨ-ਤਰੰਗਾਂ ਦੇ ਉਮਾਹੇ ਹੀ ਉਠਦੇ ਰਹਿੰਦੇ ਹਨ। ਉਹ ਏਹਨਾਂ ਮਉਜ-ਉਮਾਹੜੇ-ਰੰਗਾਂ ਦੇ ਅਧੀਨ ਹੋ ਕੇ ਹੀ ਕੀਰਤਨ ਕਰਦੇ ਰਜਦੇ ਨਹੀਂ। ਜਿਉਂ ਜਿਉਂ ਕੀਰਤਨ ਕਰਦੇ ਹਨ ਤਿਉਂ ਤਿਉਂ ਚਰਨ ਕੰਵਲਾਂ ਦੇ ਹੋਰ ਚਲੂਲੇ ਰੰਗ ਚੜ੍ਹਦੇ ਹਨ ਅਤੇ ਦਰਸ਼ਨ ਝਲਕਾਂ ਦੇ ਬਿਨੋਦ-ਬਿਸਮਨੀ ਝਲਕੇ ਵੱਜਦੇ ਹਨ। ਇਸ ਅਨੂਪਮੀ ਅਨੂਠੜੇ ਅਧਾਰ ਉੱਤੇ ਹੀ ਉਹ ਸਾਰੀ ਸਾਰੀ ਰਾਤ ਤੇ ਸਾਰਾ ਸਾਰਾ ਦਿਨ ਭੀ ਜੇ ਕੀਰਤਨ ਕਰਦੇ ਰਹਿਣ ਤਾਂ ਥੱਕਦੇ ਅੱਕਦੇ ਨਹੀਂ। ਥਕੇਵਾਂ ਅਕੇਵਾਂ ਭਲਾ ਉੱਥੇ ਕਿੱਥੇ, ਜਿੱਥੇ ਚਰਨ ਕੰਵਲਾਂ ਦੀ ਮਉਜ ਦੇ ਚਲੂਲੇ ਰੰਗ ਚੜ੍ਹੇ ਹੋਏ ਹੋਣ । ਇਸ ਪ੍ਰਥਾਇ ਇਹ ਗੁਰਵਾਕ ਭਲਾ ਘਟਦਾ ਹੈ -

*ਚਰਨ ਕਮਲ ਗੋਬਿੰਦ ਰੰਗੁ ਲਾਗਾ॥*
*ਸੰਤ ਪ੍ਰਸਾਦਿ ਭਏ ਮਨ ਨਿਰਮਲ*
*ਹਰਿ ਕੀਰਤਨ ਮਹਿ ਅਨਦਿਨੁ ਜਾਗਾ॥੧॥*
*ਅੰਗ - ੩੪੩*

ਸਤਿਗੁਰ ਪੂਰੇ ਨੇ ਇਹ ਕੀਰਤਨ-ਆਧਾਰ ਉਨ੍ਹਾਂ ਨੂੰ ਬਖਸ਼ਿਆ ਹੈ। ਇਸ ਕੀਰਤਨ-ਆਧਾਰੀ-ਦਾਤ ਦੀ ਬਰਕਤ ਕਰਿ, ਉਹ ਚਰਨ ਕੰਵਲਾਂ ਦੀ ਮਉਜ ਨੂੰ ਅੰਤਰ ਹੀ ਅੰਤਰ ਅਕਹਿ ਬਿਸਮ ਰੰਗਾਂ ਵਿੱਚ ਹੋਰ ਵਧੇਰੇ ਮਾਣਦੇ ਹਨ ਅਤੇ ਰਿਦ ਅੰਤਰ ਹੀ ਪ੍ਰਗਟੰਨੇ ਚਰਨ ਕੰਵਲਾਂ ਨੂੰ ਅੰਤਰ ਝਾਤੀਆਂ ਮਾਰ ਮਾਰ ਬਿਸਮਾਉਂਦੇ ਮੁਸਕਰਾਉਂਦੇ ਹਨ ਅਤੇ ਰਸ ਜੋਤਿ-ਪਵਨ-ਵਿਗਾਸੀ-ਸੁਆਸ ਸੁਆਸ ਅਭਿਆਸ ਦੇ ਬੀਜਨ ਢੋਲਾਇ ਢੋਲਾਇ (ਪੱਖਾ ਕਰ ਕਰ) ਦਰਸ ਅਨੂਪਮੀ, ਅਤਿ ਰਸ ਮਿਠੜੇ-ਗੋਬਿੰਦ ਚਰਨ ਕੰਵਲਾਰ ਦਾ ਸੇਵਨ ਕਰਦੇ ਹਨ। ਕੈਸੀ ਅਦਭੁਤ ਚਰਨ ਕੰਵਲਾਂ ਦੀ ਇਹ ਸਹਿਜ ਸੇਵਾ ਹੈ-

*ਚਰਨ ਕਮਲ ਸੇਵੀ ਰਿਦ ਅੰਤਰਿ*
*ਗੁਰ ਪੂਰੇ ਕੈ ਆਧਾਰਿ॥ ਅੰਗ - ੩੭੯*

ਗੁਰਵਾਕ ਦੀ ਇਹ ਤੁੱਛ ਮਾਤਰ ਵਿਆਖਿਆ ਹੈ। ਅਗਮ ਅਪਾਰ ਪ੍ਰਭੂ ਪ੍ਰਮਾਤਮਾ ਦੇ ਚਰਨ ਕੰਵਲ ਜਿਨ੍ਹਾਂ ਗੁਰਮੁਖਾਂ ਦੇ ਮਨ ਤਨ ਵਿਚ ਵਸ ਜਾਂਦੇ ਹਨ ਅਤੇ ਅੰਤਰ ਆਤਮੇ ਧਸ ਜਾਂਦੇ ਹਨ, ਉਨ੍ਹਾਂ ਨੂੰ ਕਿਸੇ ਗੱਲ ਦੀ ਭੀ ਕਮੀ ਨਹੀਂ ਰਹਿੰਦੀ। ਕਿਸੇ ਪਦਾਰਥ ਦੀ ਤੋਟ ਨਹੀਂ ਰਹਿੰਦੀ। ਉਨ੍ਹਾਂ ਦੇ ਹਰ ਵਥ ਦੇ ਪੂਰਨ ਭੰਡਾਰ ਭਰੇ ਰਹਿੰਦੇ ਹਨ। ਜੈਸਾ ਕਿ ਇਹ ਗੁਰਵਾਕ ਵਿਦਤਾਉਂਦਾ ਹੈ -

*ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ॥*
*ਚਰਨ ਕਮਲ ਮਨਿ ਤਨਿ ਬਸੇ*
*ਪ੍ਰਭ ਅਗਮ ਅਪਾਰ॥ ਅੰਗ - ੮੧੭*

ਤਿਨ੍ਹਾਂ ਨੂੰ ਚਰਨ ਕੰਵਲਾਂ ਦਾ ਆਸਰਾ ਪ੍ਰਭੂ ਪ੍ਰਮਾਤਮਾ ਨੇ ਆਪ ਦਿੱਤਾ ਹੈ ਤੇ ਗੁਰਮੁਖ ਜਨ ਗੁਰੂ ਕਰਤਾਰ ਦੇ ਆਸਰੇ ਪ੍ਰਾਇਣ ਹੋਏ ਚਰਨ ਸਰਨ ਹੀ ਸਮਾਏ ਰਹਿੰਦੇ ਹਨ। ਤਿਸ ਚਰਨ ਸਰਨ ਪ੍ਰਾਇਣ ਹੋਇ ਸਮਾਇ ਰਹਿਣ ਦਾ ਸਦਾ ਹੀ ਬੜਾ ਪਰਤਾਪ ਵਰਤਦਾ ਹੈ। ਸੋਈ ਇਹ ਅਗਲੇਰਾ ਗੁਰਵਾਕ ਦਸਦਾ ਹੈ -

*ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ॥*
*ਪ੍ਰਭ ਸਰਣਾਗਤਿ ਜਨ ਪਰੇ ਤਾ ਕਾ ਸਦ ਪਰਤਾਪੁ॥੧॥੬੭॥ ਅੰਗ - ੮੧੭*

---

## *(ਪੰਨਾ 19 ਦੀ ਬਾਕੀ)*

*ਕਰੀ ਨ ਕਿਨਹੂੰ ਆਨ॥੧੫॥ (ਅਧਿ: ੫)*

ਇਹੋ ਜਿਹੀ ਕਰਨੀ ਅੱਜ ਤੱਕ ਸੰਸਾਰ ਨੇ ਨਹੀਂ ਕੀਤੀ। ਸੱਚ ਦੇ ਪੁਜਾਰੀ ਦੀ ਸੱਚੀ ਆਵਾਜ਼ ਪੁਕਾਰਦੀ ਹੈ ਕਿ ਅਮਰ ਸ਼ਹਾਦਤ ਦੀ ਇਹ ਇਤਿਹਾਸਕ ਯਾਦਗਾਰ ਚਾਨਣ-ਮੁਨਾਰੇ ਦੇ ਰੂਪ ਵਿੱਚ ਗੁਰਸਿੱਖਾਂ ਨੂੰ ਅਣਖੀ ਜੀਵਨ ਜਿਉਣ ਲਈ ਪ੍ਰੇਰਤ ਕਰਦੀ ਆਈ ਹੈ ਤੇ ਪ੍ਰੇਰਰ ਕਰਦੀ ਰਹੇਗੀ। ਸਾਰਾ ਭਾਰਤ ਇਸ ਕੁਰਬਾਨੀ ਦਾ ਰਿਣੀ ਹੈ। ਇਹ ਨਿਰੋਲ ਪ੍ਰੇਮ ਦਾ ਸੌਦਾ ਹੈ, ਜਿਸ ਦਾ ਕਰਜ਼ਾ ਉਤਾਰਨਾ ਬੜਾ ਕਠਨ ਹੈ।

# ਸਹਾਇਤਾ ਆਤਮ ਰੰਗ ਨੂੰ ਨਵੰਬਰ 2024 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਸੌਦਾਗਰ ਸਿੰਘ ਜੀ ਤੇ ਭਾਈ ਸਤਨਾਮ ਸਿੰਘ ਜੀ, ਸੰਨੀ ਇੰਨਕਲੇਵ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਵ ਦੇ ਸੰਬੰਧ ਵਿੱਚ | 11,000.00 |
| ◆ ਬੀਬੀ ਬਲਬੀਰ ਕੌਰ ਜੀ, ਕੈਨੇਡਾ | 10,000.00 |
| ◆ ਭਾਈ ਗੁਰਮੁਖ ਸਿੰਘ ਜੀ, ਸੰਨੀ ਇੰਨਕਲੇਵ | 5,000.00 |
| ◆ ਬੀਬੀ ਪੂਨੀਤ ਕੌਰ ਜੀ, ਚੰਡੀਗੜ੍ਹ | 2,100.00 |
| ◆ ਅਖੰਡ ਕੀਰਤਨੀ ਜੱਥਾ, ਜਲੰਧਰ, ਜਲੰਧਰ ਸਮਾਗਮ ਤੇ ਮਾਰਫਤ ਭਾਈ ਬਲਜੀਤ ਸਿੰਘ ਜੀ | 5,100.00 |
| **ਕੁਲ ਜੋੜ** | **53,200.00** |

## Statement of Income & Expenditure for the Month of November, 2024 of *Atam Rang*

| | |
|---|---|
| 1. M/s Jai Offset Printers | 34,000.00 |
| 2. Cost of Service Stamps | 12,000.00 |
| 3. Cost of envelops & Printing | 12,000.00 |
| 4. Cost of Sticker & Printing | 4,000.00 |
| **Total Expenditure** | **62,000.00** |
| **upto 30.11.2024** | |
| Donation | 53,200.00 |
| Cash in hand | 67,817.00 |
| **Total Income** | **1,21,017.00** |
| **Expenditure** | **62,000.00** |
| **Difference (Cash in hand)** | **59,017.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 15 ਦਸੰਬਰ |
| ਪੂਰਨਮਾਸ਼ੀ | 15 ਦਸੰਬਰ |
| ਮੱਸਿਆ | 1-30 ਦਸੰਬਰ |
| ਪੰਚਮੀ | 6 ਦਸੰਬਰ |
| **ਗੁਰਪੁਰਬ** | |
| ਗੁਰਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 22 ਦਸੰਬਰ |
| ਕ੍ਰਿਸਮਿਸ ਡੇ | 25 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹਿੰਦ) | 27 ਦਸੰਬਰ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

# ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ।

| Account Name : ATAM RANG | Account Number : 409814300245 | IFSC Code : RATN0000202 |
|---|---|---|
| Bank Name & Address : RBL Bank Limited, Sec. 9 C, Chandigarh | | |

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਤਮ ਰੰਗ ਦਾ ਜੋ ਪੁਰਾਣਾ ਅਕਾਉਂਟ ਸਟੇਟ ਬੈਂਕ ਆਫ ਇੰਡੀਆ ਵਿੱਚ ਸੀ ਉਹ ਬੰਦ ਹੋ ਗਿਆ ਹੈ, ਅਤੇ ਉਸ ਤੇ ਕਿਸੇ ਵੀ ਤਰ੍ਹਾਂ ਦੀ ਮਾਇਆ ਨਾ ਭੇਜੀ ਜਾਵੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ (ਮੋਬਾਇਲ : 98143-00245)**

# ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

# ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*



ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ
ਬਾਲਾ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ
ਅਖੰਡ ਕੀਰਤਨ ਸਮਾਗਮ
4 ਦਸੰਬਰ ਤੋਂ 8 ਦਸੰਬਰ 2024 ਤੱਕ
ਬੁੱਧਵਾਰ, 4 ਦਸੰਬਰ, ਸਵੇਰੇ 9.00 ਤੋਂ ਦੁਪਹਿਰ 2.00 ਵਜੇ ਤੱਕ ਤਖ਼ਤ ਸ੍ਰੀ ਹਰਮੰਦਿਰ ਜੀ ਪਟਨਾ ਸਾਹਿਬ
ਬੁੱਧਵਾਰ, 4 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਤਖ਼ਤ ਸ੍ਰੀ ਹਰਮੰਦਿਰ ਜੀ ਪਟਨਾ ਸਾਹਿਬ
ਵੀਰਵਾਰ, 5 ਦਸੰਬਰ, ਸਵੇਰੇ 7.00 ਤੋਂ ਦੁਪਹਿਰ 1.00 ਵਜੇ ਤੱਕ ਗੁਰਦੁਆਰਾ ਗੋਬਿੰਦ ਨਗਰ, ਚਿਤਕੋਹਰਾ
ਵੀਰਵਾਰ, 5 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਗੁਰਦੁਆਰਾ ਬਾਲ ਲੀਲਾ ਸਾਹਿਬ
ਸ਼ਹੀਦੀ ਸਮਾਗਮ
ਸ਼ੁੱਕਰਵਾਰ, 6 ਦਸੰਬਰ, ਸਵੇਰੇ 4.00 ਤੋਂ ਦੁਪਹਿਰ 1.00 ਵਜੇ ਤੱਕ ਤਖ਼ਤ ਸ੍ਰੀ ਹਰਮੰਦਿਰ ਸਾਹਿਬ ਜੀ ਪਟਨਾ ਸਾਹਿਬ
ਸ਼ੁੱਕਰਵਾਰ, 6 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ
ਸ਼ਨੀਵਾਰ, 7 ਦਸੰਬਰ, ਸਵੇਰੇ 7.00 ਤੋਂ ਦੁਪਹਿਰ 2.00 ਵਜੇ ਤੱਕ ਗੁਰਦੁਆਰਾ ਕੰਗਨ ਘਾਟ
ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ
ਸ਼ਨੀਵਾਰ, 7 ਦਸੰਬਰ ਸ਼ਾਮ 7.00 ਤੋਂ
ਗੁਰਦੁਆਰਾ ਬਾਲ ਲੀਲ੍ਹਾ ਸਾਹਿਬ
ਅੰਮ੍ਰਿਤ ਵੇਲਾ ਸਮਾਗਮ
5 ਤੋਂ 7 ਦਸੰਬਰ ਰਾਤ
12.00 ਵਜੇ ਤੋਂ ਤਖ਼ਤ ਸਾਹਿਬ ਵਿਖੇ
ਦਾਸਰੇ : ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ
# 93340 33888, 79869 79969, 73526 68959, 98885 53564, 97982 18000,




# ਅਖੰਡ ਕੀਰਤਨ ਸਮਾਗਮ

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ ॥

ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, **ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ** (ਰਜਿ.), ਚੰਡੀਗੜ੍ਹ ਤੇ ਗੁਰਪੁਰਵਾਸੀ ਮਾਤਾ ਕੁਲਵੰਤ ਕੌਰ ਜੀ (ਸਿੰਘਣੀ ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ) ਦੀ ਸਾਲਾਨਾ ਮਿੱਠੀ ਤੇ ਨਿੱਘੀ ਯਾਦ ਵਿੱਚ ਪਰਿਵਾਰ ਵਲੋਂ ਮਿਤੀ 19 ਜਨਵਰੀ, 2025 ਦਿਨ ਐਤਵਾਰ ਨੂੰ ਉਨ੍ਹਾਂ ਦੇ ਗ੍ਰਹਿ ਮਕਾਨ ਨੰ. 245, ਸੈਕਟਰ 35-ਏ, ਚੰਡੀਗੜ੍ਹ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਸਵੇਰੇ 8.00 ਵਜੇ ਤੋਂ ਦੁਪਹਿਰ 2.30 ਵਜੇ ਤੱਕ ਹੋਣਗੇ। ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਦਰਸ਼ਨ ਦੇਣ ਕੀ ਕ੍ਰਿਪਾਲਤਾ ਕਰਨੀ ਜੀ।

## ਬੇਨਤੀ ਕਰਤਾ :

ਮਨਪ੍ਰੀਤ ਸਿੰਘ (ਸਪੁੱਤਰ) ਮੁੱਖ ਸੰਪਾਦਕ ਆਤਮ ਰੰਗ ਮੈਗਜ਼ੀਨ
ਅਤੇ ਸਮੂਹ ਪਰਿਵਾਰ

ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ
ਆਤਮ ਰੰਗ ਮੈਗਜੀਨ
ਐਮ.ਪੀ.ਇਮਪੈਕਸ ਪ੍ਰ. ਲਿ. ਚੰਡੀਗੜ੍ਹ

ਮੋ: 98143 00245, 75289 00045, 8727900045

## ਮਨ ਰੇ ਹਰਿ ਕੀਰਤਿ ਤਰੁ ਤਾਰੀ ॥



















ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 13.11.2024 ਤੋਂ ਲੈ ਕੇ 16.11.2024 ਤਕ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਅਖੰਡ ਕੀਰਤਨੀ ਜੱਥਾ, ਜਲੰਧਰ (ਰਜਿ.) ਵੱਲੋਂ ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੁ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

**ATAM RANG**
**December 2024**

Postal Regd. No.
CHDG/0025/2024-26

## ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥













ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 13.11.2024 ਤੋਂ ਲੈ ਕੇ 16.11.2024 ਤਕ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਅਖੰਡ ਕੀਰਤਨੀ ਜੱਥਾ, ਜਲੰਧਰ (ਰਜਿ.) ਵੱਲੋਂ ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।